ਨਵੰਬਰ 2007

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 11 ◆ ਸਾਲ ਉਨ੍ਹੀਵਾਂ ◆ ਨਵੰਬਰ 2007



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਗੁਰਬਾਣੀ ਸੰਗੀਤ ਦੇ ਨੈਤਿਕ ਸਰੋਕਾਰ - ਭਾਗ-3<br>*ਡਾ. ਹਰਭਜਨ ਸਿੰਘ* | 4 |
| ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਪੰਛੀ<br>*ਭਾਈ ਕਰਮ ਸਿੰਘ ਰਤਨ* | 10 |
| खयाल गायन शैली में उत्तम आलाप के सिधान्त<br>*निमिता शर्मा* | 14 |
| ਸੁਰ ਲਿਪੀ<br>*ਹਰਦੀਪ ਕੌਰ* | 22 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 98145 25351

# ਸਮਰਥ ਗੁਰੂ ਸਿਰ ਹਥ ਧਰਿਓ

ਮੇਰੇ ਇਕ ਸਨੇਹੀ ਹਨ -ਬੀਬੀ ਵਰਿੰਦਰ ਕੌਰ ਜੀ। ਸਾਰੇ ਉਨ੍ਹਾਂ ਨੂੰ ਬੀਬਾ ਮਿਸਜ਼ ਬ੍ਰਿਗੇਡੀਅਰ ਨਰਜੀਤ ਸਿੰਘ ਹੋਰਾਂ ਦੇ ਨਾਮ ਤੋਂ ਜਾਣਦੇ ਹਨ। ਆਪ ਬਹੁਤ ਵਧੀਆ ਗਾਉਂਦੇ ਹਨ। ਆਪ ਉਸਤਾਦ ਮੁਨਵਰ ਅਲੀ ਖਾਂ ਦੇ ਸ਼ਾਗਿਰਦ ਹਨ। ਇਹ ਤਾਂ ਤੁਸੀਂ ਜਾਣਦੇ ਹੀ ਹੋਵੋਗੇ ਕਿ ਮੁਨਵਰ ਅਲੀ ਜੀ ਸੰਸਾਰ ਪ੍ਰਸਿੱਧ ਕਲਾਸੀਕਲ ਗਾਇਕ ਬੜੇ ਗੁਲਾਮ ਅਲੀ ਖਾਂ ਸਾਹਿਬ ਦੇ ਫਰਜੰਦ ਸਨ। ਬੀਬਾ ਜੀ ਨੂੰ ਸੰਗੀਤ ਦਾ ਇਤਨਾ ਸ਼ੌਕ ਹੈ ਕਿ ਉਨ੍ਹਾਂ ਨੇ ਕਈ ਸਾਲ ਮੁਨਵਰ ਅਲੀ ਖਾਂ ਸਾਹਿਬ ਪਾਸੋਂ ਵਿਧੀਵਤ ਸਿੱਖਿਆ ਲਈ। ਕਲਾਸੀਕਲ ਸੰਗੀਤ ਦੇ ਨਾਲ ਨਾਲ ਉਨ੍ਹਾਂ ਨੂੰ ਗੁਰਮਤ ਸੰਗੀਤ ਦਾ ਵੀ ਬੇਹੱਦ ਸ਼ੌਕ ਹੈ। ਮੇਰੇ ਨਾਲ ਉਨ੍ਹਾਂ ਦਾ ਸੰਪਰਕ 25-26 ਸਾਲ ਪਹਿਲਾਂ ਚੰਡੀਗੜ੍ਹ ਵਿਚ ਹੀ ਹੋਇਆ ਸੀ। ਮੇਰਾ ਕੀਰਤਨ ਸੁਣ ਕੇ ਉਨ੍ਹਾਂ ਨੇ ਕੁਝ ਸ਼ਬਦ ਸਿੱਖਣ ਦੀ ਇੱਛਾ ਜ਼ਾਹਿਰ ਕੀਤੀ। ਮੇਰੇ ਕੋਲ ਸਮਾਂ ਬਿਲਕੁਲ ਨਹੀਂ ਸੀ। ਅਸੀਂ ਸਵੇਰੇ 6 ਵਜੇ ਦਾ ਸਮਾਂ ਨਿਸਚਿਤ ਕੀਤਾ। ਮੇਰਾ ਵਿਚਾਰ ਸੀ ਕਿ ਬਹੁਤ ਸਾਰੇ ਵਿਅਕਤੀ ਸੰਗੀਤ ਸਿੱਖਣ ਦੀ ਇੱਛਾ ਤਾਂ ਰੱਖਦੇ ਹਨ ਪਰ ਉਸ ਲਈ ਸਿਰੜ ਨਹੀਂ ਰੱਖਦੇ ਇਕ ਦੋ ਹਫ਼ਤੇ ਸਿੱਖ ਕੇ ਫਿਰ ਮੈਦਾਨ ਛੱਡ ਦਿੰਦੇ ਹਨ। ਬੀਬਾ ਜੀ ਜਿਸ ਮਾਹੌਲ ਵਿਚ ਰਹਿੰਦੇ ਹਨ ਉਥੇ ਸ਼ਾਇਦ ਹੀ ਕੋਈ ਸਵੇਰੇ ਉੱਠ ਕੇ ਕੀਰਤਨ ਸਿੱਖਣ ਆਵੇਗਾ।

ਪਰ ਬੀਬਾ ਜੀ ਨੇ ਦੂਜੇ ਦਿਨ ਸਵੇਰੇ ਛੇ ਵਜੇ ਆ ਬੈੱਲ ਮਾਰੀ। ਮੈਂ ਅਜੇ ਤਿਆਰ ਹੀ ਨਹੀਂ ਸੀ ਹੋਇਆ। ਹੈਰਾਨੀ ਹੋਈ। ਬੀਬਾ ਜੀ ਨੂੰ ਸਿਖਾਉਣ ਤੋਂ ਪਹਿਲਾਂ ਮੈਂ ਜਾਨਣਾ ਚਾਹੁੰਦਾ ਸਾਂ ਕਿ ਉਨ੍ਹਾਂ ਕਿੰਨਾ ਕੁਝ ਆਉਂਦਾ ਹੈ। ਸਵੇਰ ਵੇਲੇ ਜਦੋਂ ਉਨ੍ਹਾਂ ਅਹੀਰ ਭੈਰਵ ਦੀਆਂ ਸੁਰਾਂ ਤੇ 'ਸਮਰਥ ਗੁਰੂ ਸਿਰ ਹਥ ਧਰਿਓ' ਆਲਾਪ ਸਹਿਤ ਸ਼ੁਰੂ ਕੀਤਾ ਤਾਂ ਮੇਰਾ ਮਨ ਸ਼ਰਧਾ ਨਾਲ ਝੁਕ ਗਿਆ। ਮੈਂ ਸੋਚਦਾ ਸਾਂ ਕਿ ਮੈਨੂੰ ਬਹੁਤ ਕੁਝ ਆਉਂਦਾ ਹੈ ਪਰ ਬੀਬਾ ਜੀ ਨੇ ਆਪਣੀ ਰਿਆਜ਼ੀ ਸੋਜ਼ ਭਰੀ ਆਵਾਜ਼ ਨਾਲ ਵਜਦ ਵਿਚ ਆ ਕੇ ਸ਼ਬਦ ਗਾਇਨ ਕੀਤਾ। ਫਿਰ ਮੈਂ ਉਨ੍ਹਾਂ ਨੂੰ ਪੁਛਿਆ ਕਿ ਉਨ੍ਹਾ ਨੇ ਕਿੱਥੋਂ ਸਿੱਖਿਆ। ਤਾਂ ਉਨ੍ਹਾਂ ਦਸਿਆ ਕਿ ਉਹ ਖਾਂ ਸਾਹਿਬ ਮੁਨਵਰ ਅਲੀ ਖਾਂ ਸਾਹਿਬ ਦੇ ਸ਼ਾਗਿਰਦ ਹਨ। ਮੈਂ ਮਹਿਸੂਸ ਕੀਤਾ ਕਿ ਉਨ੍ਹਾਂ ਅੰਦਰ ਸਿੱਖਣ ਦੀ ਬਜਾਏ ਕੁਝ ਸੁਨਾਉਣ ਦੀ ਇੱਛਾ ਵਧੇਰੇ ਹੈ। ਮੈਂ ਵੀ ਕੁਝ ਨਵੀਆਂ ਗੀਤਾਂ ਸੁਨਣ ਅਤੇ ਸਿੱਖਣ ਦੇ ਲਾਲਚ ਵੱਸ ਉਨ੍ਹਾਂ ਨੂੰ ਸਵੇਰੇ ਆਉਣ ਲਈ ਪ੍ਰੇਰਦਾ ਰਿਹਾ। ਉਹ ਆਉਂਦੇ ਰਹੇ ਤੇ ਆਪਣੇ ਖ਼ਜ਼ਾਨੇ ਵਿਚੋਂ ਕੁਝ ਨਾ ਕੁਝ ਸੁਣਾਉਂਦੇ ਰਹੇ।

ਪਿਛੇ ਜਿਹੇ ਉਨ੍ਹਾਂ ਦਾ ਫੋਨ ਆਇਆ ਕਿ ਉਹ ਆਪਣੇ ਕੀਰਤਨ ਦੀ ਇਕ ਸੀ.ਡੀ. ਤਿਆਰ ਕਰ ਰਹੇ ਹਨ। ਸੀ.ਡੀ. ਸੁਣੀ ਤਾਂ ਉਸ ਵਿਚ ਪਹਿਲਾ ਸ਼ਬਦ 'ਸਮਰਥ ਗੁਰੂ ਸਿਰ ਹਥ ਧਰਿਓ' ਸੀ। ਇਹ ਸ਼ਬਦ ਸੁਣਦਿਆਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਮੈਂ ਉਨ੍ਹਾਂ ਦੇ ਘਰ ਗਿਆ ਸੀ.ਡੀ. ਸੁਣੀ। ਫਿਰ ਉਨ੍ਹਾਂ ਦੇ ਸਪੁੱਤਰ ਗੁਰਬੀਰ ਸਿੰਘ ਨੂੰ ਸੁਣਨ ਦਾ ਮੌਕਾ ਮਿਲਿਆ। ਉਹ ਵੀ ਬੜਾ ਪਿਆਰਾ ਕੀਰਤਨ ਕਰਦਾ ਹੈ। ਖੁਸ਼ੀ ਦੀ ਗੱਲ ਹੈ ਕਿ ਬ੍ਰਿਗੇਡੀਅਰ ਨਰਜੀਤ ਸਿੰਘ ਜੀ ਇਸ ਸਾਰੇ ਕੁਝ ਲਈ ਪ੍ਰੇਰਨਾ ਦਿੰਦੇ ਰਹਿੰਦੇ ਹਨ। ਸੀ.ਡੀ. ਅਜੇ ਮੁਕੰਮਲ ਹੋਣੀ ਹੈ। ਮੈਨੂੰ ਆਸ ਹੈ ਕਿ ਇਹ ਸੀ.ਡੀ. ਕੀਰਤਨ ਦੇ ਖ਼ਜ਼ਾਨੇ ਵਿਚ ਇਕ ਨਿੱਗਰ ਵਾਧਾ ਹੋਵੇਗਾ।

ਸਮਰਥ ਗੁਰੂ ਸਾਡੇ ਸਿਰ 'ਤੇ ਵੀ ਹੱਥ ਧਰੇ ਤਾਂ ਜੋ ਅਸੀਂ ਵੀ ਆਪਣੀ ਜੀਵਨ ਯਾਤਰਾ ਵਿਚ ਕੋਈ ਸਾਰਥਕ ਕਾਰਜ ਕਰ ਸਕੀਏ।

# ਗੁਰਬਾਣੀ ਸੰਗੀਤ ਦੇ ਨੈਤਿਕ ਸਰੋਕਾਰ-ਭਾਗ 3

## ਡਾ. ਹਰਭਜਨ ਸਿੰਘ

*(ਲੜੀ ਜੋੜਨ ਲਈ ਸਤੰਬਰ ਅੰਕ ਦੇਖੋ)*

ਗੁਰਬਾਣੀ ਗਾਇਕ ਇਕ ਭਲਾ ਇਨਸਾਨ ਹੀ ਹੋ ਸਕਦਾ ਹੈ, ਜੋ ਸਿਰਫ਼ ਗੁਣਾਂ ਨਾਲ ਸਾਂਝ ਕਰਦਾ ਹੋਵੇ। ਉਸੇ ਦਾ ਗੁਰਬਾਣੀ ਗਾਇਨ ਗੁਰਮਤਿ ਦੇ ਅਨੁਕੂਲ ਹੈ। ਅਜਿਹਾ ਕੀਰਤਨਕਾਰ ਮਾਇਆਵੀ ਪ੍ਰਯੋਜਨਾਂ ਤੋਂ ਦ੍ਰਿਸ਼ਟੀ ਹਟਾ ਕੇ ਗੁਣਾਂ ਦਾ ਚਿੰਤਨ ਕਰਦਾ ਹੈ। ਉਹ ਤੱਤ, ਵ੍ਰਿਤ, ਘਨ, ਸੁਖਿਰ ਅਤੇ ਨਾਦ ਦੇ ਪੰਜ ਵਾਜੇ ਸਤ, ਸੰਤੋਖ, ਧੀਰਜ, ਧਰਮ ਅਤੇ ਵਿਚਾਰ ਨੂੰ ਬਣਾ ਲੈਂਦਾ ਹੈ। ਉਸ ਦੀਆਂ ਸੱਤ ਸੁਰਾਂ ਕਰੁਣਾ, ਮੈਤ੍ਰੀ, ਮੁਦਤਾ, ਅਪੇਖਿਆ, ਸ਼ਾਂਤੀ, ਸ਼ਰਧਾ, ਖਿਮਾ ਆਦਿ ਮਾਨਵ ਹਿਤਕਾਰੀ ਚੰਗੇ ਭਾਵਾਂ ਦੀਆਂ ਹਨ। ਆਪਣੇ ਬਲ ਜਾਂ ਸਮਰਥਾ ਦਾ ਅਹੰਕਾਰ ਤਿਆਗ ਦੇਣਾ ਹੀ ਉਸ ਦਾ ਸੁਰੀਲਾ ਸਾਜ਼ ਹੈ। ਬੁਰੇ ਪਾਸੇ ਕਦਮ ਨਾ ਰੱਖਣਾ ਉਸ ਦੀਆਂ ਸੰਗੀਤਕ ਤਾਨਾਂ ਹਨ। ਉਸ ਦਾ ਗਾਇਨ ਸ਼ਬਦ ਨਾਲ ਬੰਨ੍ਹਿਆ ਹੋਇਆ ਹੈ (ਭਾਵ ਉਹ ਗਾਇਨ ਵਿਚ ਸ਼ਬਦ ਦਾ ਸਾਥ ਕਦੇ ਨਹੀਂ ਛੱਡਦਾ)। ਗੁਰੂ ਘਰ ਵਿਚੋਂ ਰਾਗੀਆਂ ਦਾ ਆਗੂ ਉਹ ਹੈ, ਜੋ ਪਰਮੇਸ਼ਰ ਦੀ ਜੋਤਿ ਨੂੰ ਘਟ ਘਟ ਵਿਚ ਰਮਿਆ ਜਾਣ ਕੇ ਸਮੁੱਚੀ ਮਾਨਵਤਾ ਪ੍ਰਤੀ ਸਦਭਾਵ ਰਖੇ ਅਤੇ ਸਾਰੀਆਂ ਸੰਸਾਰਿਕ ਚਿੰਤਾਵਾਂ ਤੋਂ ਆਪਣੇ ਆਪ ਨੂੰ ਅਲੇਪ ਰੱਖਣਾ ਜਾਣਦਾ ਹੋਵੇ ਅਥਵਾ ਇਸ ਪ੍ਰਯੋਜਨ ਹਿੱਤ ਦੂਜਿਆਂ ਲਈ ਸਹਾਇਕ ਦਾ ਕੰਮ ਕਰ ਸਕੇ।

*ਭਲੋ ਭਲੋ ਰੇ ਕੀਰਤਨੀਆ॥*
*ਰਾਮ ਰਮਾ ਰਾਮਾ ਗੁਨ ਗਾਉ॥*
*ਛੋਡਿ ਮਾਇਆ ਕੇ ਧੰਧ ਸੁਆਉ॥ 1॥ ਰਹਾਉ॥*
*ਪੰਜ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥*
*ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥*
*ਫੇਰੀ ਫੇਰੁ ਨ ਹੋਵੈ ਕਬ ਹੀ*
*ਏਕੁ ਸਬਦੁ ਬੰਧਿ ਪਾਲੈ॥2॥*
*ਨਾਰਦੀ ਨਰਹਰ ਜਾਣਿ ਹਦੂਰੇ॥*
*ਘੂੰਘਰ ਖੜਕੁ ਤਿਆਗਿ ਵਿਸੂਰੇ॥*

ਰਾਮਕਲੀ, ਮਹਲਾ 5, ਪੰਨਾ 885

ਗੁਰਬਾਣੀ ਵਿਚ ਕਈ ਥਾਂਈ ਕੀਰਤਨ ਸ਼ਬਦ ਨਾਲ 'ਨਿਰਬਾਣ' ਪਦ ਦੀ ਵਰਤੋਂ ਕੀਤੀ ਹੋਈ ਹੈ, ਜਿਹਾ ਕਿ 'ਮੈਂ ਪਿਛੇ ਕੀਰਤਨੁ ਕਰਿਆਹੁ ਨਿਰਬਾਣੁ ਜੀਉ' ਜਾਂ 'ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ'। ਨਿਰਵਾਣ ਦਾ ਅਰਥ ਬੁਝ ਜਾਣਾ ਹੈ, ਇਥੇ ਇਸ ਦਾ ਭਾਵ ਹੈ ਤ੍ਰਿਸ਼ਨਾ ਦਾ ਸ਼ਾਂਤ ਹੋ ਜਾਣਾ। ਤ੍ਰਿਸ਼ਨਾ ਦੇ ਅਧੀਨ ਮਨੁੱਖ ਪਾਪ ਕਰਮ ਜਾਂ ਅਨੈਤਿਕ ਵਿਵਹਾਰ ਕਰਨ ਤੋਂ ਪ੍ਰਹੇਜ਼ ਨਹੀਂ ਕਰਦਾ। ਕੀਰਤਨ ਨਾਲ ਨਿਰਬਾਣ ਪਦ ਨੂੰ ਜੋੜਨ ਦਾ ਭਾਵ ਹੈ ਕਿ ਕੀਰਤਨਕਾਰ ਦਾ ਮਨ ਤ੍ਰਿਸ਼ਨਾ ਜਾਂ ਪਦਾਰਥਕ ਲਾਲਸਾ ਤੋਂ ਮੁਕਤ ਹੋਣਾ ਚਾਹੀਦਾ ਹੈ ਅਤੇ ਕੀਰਤਨ ਦਾ ਨਿਸ਼ਾਨਾ ਸ਼੍ਰੋਤਿਆਂ ਦੇ ਮਨ ਨੂੰ ਤ੍ਰਿਸ਼ਨਾ ਦੀ ਕਾਲਖ ਤੋਂ ਮੁਕਤ ਕਰਨਾ ਹੀ ਹੋਣਾ ਚਾਹੀਦਾ ਹੈ। ਧਨ ਦੀ ਲਾਲਸਾ ਤੋਂ ਮੁਕਤ ਵਿਅਕਤੀ ਦਾ ਹਿਰਦਾ ਹੀ ਕੀਰਤਨ ਕਰਨ ਅਤੇ ਸੁਨਣ ਦੇ ਯੋਗ ਹੋ ਸਕਦਾ ਹੈ। ਨਿਰਬਾਣ ਕੀਰਤਨ ਕਰਨ ਵਾਲਾ ਵਿਅਕਤੀ ਧਾਰਮਿਕ ਕਰਮ ਕਾਂਡਾਂ ਅਤੇ ਪੂਜਾ ਪਾਠ ਦੇ ਨਾਮ 'ਤੇ ਲੋਕਾਂ ਦੀਆਂ ਪਵਿੱਤਰ ਭਾਵਨਾਵਾਂ ਦਾ ਸ਼ੋਸ਼ਣ ਕਰਨ ਲਈ ਪਾਖੰਡ ਕ੍ਰਿਆਵਾਂ ਵਿਚ ਲਿਪਤ ਨਹੀਂ ਹੁੰਦਾ। ਸੱਚੇ ਜੱਸ ਗਾਇਕ ਨੂੰ ਧਰਮ ਗ੍ਰੰਥਾਂ ਦੇ ਪਾਠ, ਤੀਰਥ ਯਾਤਰਾਵਾਂ ਦੀ ਭਟਕਣਾ ਅਤੇ ਤੀਰਥ ਇਸ਼ਨਾਨ ਆਦਿ ਕਲਿਯੁਗ ਦੇ ਪ੍ਰਭਾਵ ਵਿਚ ਹਿਰਦੇ ਨੂੰ ਦੁਰਗੁਣਾਂ ਦੀ ਮੈਲ ਨਾਲ ਭਰਨ ਵਾਲੇ ਕਰਮ ਦਿਸਦੇ ਹਨ। ਉਸਨੂੰ ਗਿਆਨ ਹੁੰਦਾ ਹੈ ਕਿ ਦੈਵੀ ਗੁਣਾਂ ਦਾ ਗਾਇਨ ਕਰਨਾ ਹੀ ਮਨ ਦੀ ਮੈਲ ਉਤਾਰਨ ਦਾ ਕੰਮ ਕਰ ਸਕਦਾ ਹੈ। ਸੰਤਾਂ ਦੇ ਬਚਨਾਂ ਦਾ ਪਾਲਣ ਕਰਦਿਆਂ ਜੀਵਨ ਨੂੰ ਪਵਿੱਤਰ ਕਰਨਾ ਹੀ ਅਸਲ ਕੀਰਤਨਕਾਰ ਦੀ ਮੰਜ਼ਿਲ ਹੈ। ਰੱਬ ਦੀ ਮਹਾਨ ਮਹਿਮਾ ਨੂੰ ਸੁਰਾਂ ਨਾਲ ਅਭੇਦ ਕਰ ਕੇ ਗਾਉਣ ਵਾਲਾ ਗੁਰਮੁਖ ਪੁਰਖ ਸਮਾਜਿਕ ਕੋਹੜ ਰੂਪੀ ਵਰਣ ਵੰਡ ਦੇ ਊਚ ਨੀਚ ਵਾਲੇ ਦੁਰਗੁਣੀ ਵਿਚਾਰ ਦੀਆਂ ਪਾਬੰਦੀਆਂ ਤੋੜ ਕੇ ਕੀਰਤਨ ਨੂੰ ਸਭ ਇਨਸਾਨਾਂ ਦਾ 'ਸਰਬ ਸਬਦੰ ਏਕ ਸਬਦੰ' ਦੇ ਸੁਨਹਿਰੀ ਅਸੂਲ 'ਤੇ ਅਧਾਰਿਤ ਸਾਂਝਾ ਧਰਮ ਬਣਾ ਦਿੰਦਾ ਹੈ। ਗੁਰੂ ਅਰਜਨ ਜੀ ਕਹਿੰਦੇ ਹਨ :

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*

*ਨਿਰਬਾਣੁ ਕੀਰਤਨੁ ਗਾਵਹੁ*
*ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥1 ॥*
*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ 1 ॥ ਰਹਾਉ ॥*
*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ ॥*
*ਸਾਧਸੰਗਿ ਜੋ ਹਰਿ ਗੁਣ ਗਾਵੈ*
*ਸੋ ਨਿਰਮਲੁ ਕਰਿ ਲੀਜੈ ॥2 ॥*
*ਬੇਦ ਕਤੇਬ ਸਿਮ੍ਰਿਤਿ ਸਭਿ*
*ਸਾਸਤ ਇਨ ਪੜਿਆ ਮੁਕਤਿ ਨ ਹੋਈ।*
*ਏਕੁ ਅਖਰੁ ਜੋ ਗੁਰਮੁਖਿ ਜਾਪੈ*
*ਤਿਸ ਕੀ ਨਿਰਮਲ ਸੋਈ ॥3 ॥*
*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ*
*ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥4 ॥*

ਸੂਹੀ ਮਹਲਾ 5, ਸਫ਼ਾ 748

ਇਸ ਦੈਵੀ ਸੰਗੀਤ ਦਾ ਆਸਰਾ ਲੈਣ ਵਾਲਾ ਵਿਅਕਤੀ ਸਾਧਸੰਗਤ ਦੁਆਰਾ ਅਜਿਹੇ ਨਿਰਮਲ ਵਿਵੇਕ ਨੂੰ ਪ੍ਰਾਪਤ ਕਰਦਾ ਹੈ, ਜਿਥੇ ਨਾਮਦੇਵ ਵਰਗਾ ਛੀਂਬਾ, ਤ੍ਰਿਲੋਚਨ ਜੈਸਾ ਵੈਸ਼, ਕਬੀਰ ਜਿਹਾ ਜੁਲਾਹਾ ਅਤੇ ਰਵਿਦਾਸ ਵਰਗਾ ਚਮਿਆਰ ਸਮਰੂਪ ਪ੍ਰਾਪਤ ਕਰਕੇ ਇਕੋ ਮੁਕਤ ਪਦ 'ਤੇ ਬਿਰਾਜਮਾਨ ਦਿੱਸਦੇ ਹਨ। ਮੌਜੂਦਾ ਸਮੇਂ ਦੇ ਨਾਵਾਂ ਨਾਲ ਜਾਤਿ ਲਿਖਣ ਵਾਲੇ ਕੀਰਤਨਕਾਰਾਂ ਵਲੋਂ ਆਪਣੇ ਆਪ ਨੂੰ ਗੁਰੂ ਦੇ ਕੀਰਤਨੀਏ ਅਖਵਾਉਣਾ ਪੂਰੀ ਤਰ੍ਹਾਂ ਅਨੁਚਿਤ ਹੈ। ਗੁਰੂ ਅਰਜਨ ਦੇਵ ਤਾਂ ਸਪਸ਼ਟ ਕਹਿੰਦੇ ਹਨ :

*ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥*
*ਨਾਮਦੇਉ ਤ੍ਰਿਲੋਚਨੁ ਕਬੀਰ*
*ਦਾਸਰੋ ਮੁਕਤਿ ਭਇਓ ਚੰਮਿਆਰੋ ॥2 ॥*

ਗੂਜਰੀ ਮਹਲਾ5, ਸਫ਼ਾ 498

ਰੰਗ ਰੂਪ ਦੇ ਅਧਾਰ ਉਤੇ ਮਨ ਵਿਚ ਵਿਤਕਰਾ ਰੱਖਣਾ ਇਕ ਅਮਾਨਵੀ ਦੁਰਗੁਣ ਹੈ। ਜਿਸ ਮਨੁੱਖ ਦੇ ਮਨ ਵਿਚ ਅਜਿਹਾ ਭੇਦ ਭਾਵ ਵਸਿਆ ਹੋਵੇ, ਉਸ ਦੇ ਹਿਰਦੇ ਵਿਚ ਸਦਗੁਣਾਂ ਦਾ ਨਿਵਾਸ ਅਸੰਭਵ ਹੈ। ਗੁਰਬਾਣੀ ਦਾ ਗਾਇਨ ਸੁਣਨ ਵਾਲੇ ਵਿਅਕਤੀ ਦੇ ਮਨ ਵਿਚੋਂ ਰੰਗ, ਰੂਪ ਅਧਾਰਿਤ ਵਿਤਕਰੇ ਦੂਰ ਹੋ ਜਾਂਦੇ ਹਨ। ਉਨ੍ਹਾਂ ਦੇ ਅੰਤਹਕਰਣ ਵਿਚ ਵੈਰ ਵਿਰੋਧ ਦਾ ਕੋਈ ਭਾਵ ਨਹੀਂ ਰਹਿ ਜਾਂਦਾ :

*ਵੈਰ ਵਿਰੋਧ ਮਿਟੇ ਤਿਹ ਮਨ ਤੇ ॥*
*ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ।*
*ਬਰਨ ਚਿਹਨ ਸਗਲਹ ਤੇ ਰਹਤਾ ॥*
*ਨਾਨਕ ਹਰਿ ਹਰਿ ਗੁਰਮੁਖਿ ਜੋ ਕਹਿਤਾ ॥ 46 ॥*

ਗਉੜੀ (ਬਾਵਨ ਅਖਰੀ) ਮਹਲਾ 5, ਸਫ਼ਾ 260

ਕਾਮਾਦਿ ਦਾ ਅਸੰਜਮਿਤ ਵਿਵਹਾਰ ਸਾਰੇ ਅਨੈਤਿਕ ਵਿਵਹਾਰ ਦਾ ਅਸਲ ਕਾਰਨ ਹੈ। ਗੁਰਬਾਣੀ ਦਾ ਗਾਇਨ ਉਸ ਪਰਿਨਿਸ਼ਪੰਨ ਗਿਆਨ ਦਾ ਸਾਖਿਆਤਕਾਰ ਕਰਵਾਉਂਦਾ ਹੈ, ਜਿਸ ਦੇ ਸਹਾਰੇ ਅੰਤਹਕਰਣ ਵਿਚ ਬੈਠੇ ਇਹ ਕਾਮ, ਕ੍ਰੋਧ, ਲੋਭ ਆਦਿ ਦੇ ਟੁਕੜੇ ਟੁਕੜੇ ਹੋ ਜਾਂਦੇ ਹਨ ਅਤੇ ਮਨੁੱਖ ਨੂੰ ਮੂਰਖ ਬਣਾਉਣ ਵਾਲਾ ਅਹੰਕਾਰ ਨਸ਼ਟ ਹੋ ਜਾਂਦਾ ਹੈ।

*ਸੁਖਦਾਤਾ ਦੂਖ ਭੰਜਨਹਾਰਾ ਗਾਉ*
*ਕੀਰਤਨੁ ਪੂਰਨ ਗਿਆਨੁ ॥*
*ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੑੇ*
*ਨਿਕਸਿਓ ਮੂੜ ਅਭਿਮਾਨੁ ॥1 ॥*

ਨਟ, ਮਹਲਾ 5, ਸਫ਼ਾ 979

ਗੁਰੂ ਦੇ ਰਾਗ ਨਾਦ ਦੁਆਰਾ ਸ਼ੁਧ ਹੋਇਆ ਮਨ ਕਾਮਾਦਿ ਅਗਨੀਆਂ ਤੋਂ ਮੁਕਤ ਹੋ ਜਾਂਦਾ ਹੈ। ਉਸ ਤੇ ਜੰਮੀ ਕਈ ਜਨਮਾਂ ਦੇ ਪਾਪਾਂ ਦੀ ਮੈਲ ਸਹਿਜ ਸੁਭਾਵਿਕ ਲਹਿ ਜਾਂਦੀ ਹੈ ਅਤੇ ਸਾਰੇ ਖ਼ਜ਼ਾਨੇ (ਭਾਵ ਦੈਵੀ ਗੁਣ) ਆਪਣੇ ਅੰਦਰ ਹੀ ਦਿੱਸਣ ਲੱਗ ਪੈਂਦੇ ਹਨ।

*ਕਰਿ ਕੀਰਤਨੁ ਮਨ ਸੀਤਲ ਭਏ ॥*
*ਜਨਮ ਜਨਮ ਕੇ ਕਿਲਵਿਖ ਗਏ ॥*
*ਸਰਬ ਨਿਧਾਨ ਪੇਖੇ ਮਨ ਮਾਹਿ ॥*
*ਅਬ ਢੂਢਨ ਕਾਹੇ ਕਉ ਜਾਹਿ ॥2 ॥*

ਗਉੜੀ ਗੁਆਰੇਰੀ, ਮਹਲਾ 5, ਸਫ਼ਾ 178

ਪਦਾਰਥਕ ਸੁਖ, ਬੁੱਧੀ ਦੀ ਚਤੁਰਤਾ, ਸੱਤਾ ਦੀ ਲਾਲਸਾ, ਕਾਮ ਦੀ ਖਿਚ ਅਤੇ ਵਿਦਿਆ ਦਾ ਅਹੰਕਾਰ ਅਨੈਤਿਕਤਾ ਦੇ ਕਾਰਨ ਹਨ। ਗੁਰਬਾਣੀ ਕਹਿੰਦੀ ਹੈ ਕਿ ਜੋ ਮਾਇਆ ਦੇ ਬਹੁਤ ਸਾਰੇ ਸੁਖ ਬਹੁਤ ਤਰੀਕਿਆਂ ਨਾਲ ਭੋਗਣ, ਪੁਸਤਕ ਗਿਆਨ ਦੀ ਸਿਆਣਪ ਦਾ ਅਭਿਮਾਨ ਕਰਨ, ਵਡਾ ਚੌਧਰੀ ਅਤੇ ਸਰਦਾਰ ਅਖਵਾਣ, ਹਾਥੀ ਘੋੜਿਆਂ ਦੀ ਸੁਖਦਾਈ ਸਵਾਰੀ ਕਰਨ, ਸਰੀਰ ਨੂੰ

ਖ਼ੁਸ਼ਬੋਈਆਂ ਨਾਲ ਸੁਗੰਧਿਤ ਕਰਨ, ਰੂਪ ਦੀ ਸੁੰਦਰਤਾ ਵਿਚ ਚਿੱਤ ਡੁਲਾਉਣ, ਨ੍ਰਿਤ ਨਾਟਕ ਵਲ ਲੁਭਿਤ ਹੋਣ, ਸ਼ਾਸਕਾਂ ਵਾਲੇ ਉਚੇ ਸਿੰਘਾਸਣਾਂ ਉਤੇ ਬੈਠ ਕੇ ਰਾਜ ਸਭਾਵਾਂ ਕਰਨ, ਭਾਂਤ ਭਾਂਤ ਦੇ ਫ਼ਲ ਮੇਵਿਆਂ ਦਾ ਸੇਵਨ ਕਰਨ, ਸੁੰਦਰ ਫੁਲਵਾੜੀਆਂ ਦੀ ਸੈਰ ਕਰਨ, ਰਾਜਿਆਂ ਵਾਂਗ ਸ਼ਿਕਾਰ ਖੇਡਣ ਵਿਚ ਮਨ ਦੀ ਤ੍ਰਿਪਤੀ ਨਹੀਂ ਜਾਣਦਾ, ਉਹ ਭਾਗਸ਼ਾਲੀ ਵਿਅਕਤੀ ਆਪਣੇ ਗੁਰੂ ਤੋਂ ਸੁਖ ਦੀ ਅਸਲੀਅਤ ਜਾਣ ਕੇ ਗੁਰਮੁਖਾਂ ਦੀ ਸਭਾ ਵਿਚ ਕੀਰਤਨ ਗਾਉਂਦਾ ਹੈ। ਉਸ ਦੇ ਮਨ ਨੂੰ ਮਾਇਆ ਦੇ ਪਰਪੰਚੀ ਹੀਲਿਆਂ ਵਿਚੋਂ ਰਸ ਨਹੀਂ ਆਉਂਦਾ। ਉਹ ਨਾਮ ਧਨ ਰਾਹੀਂ ਆਪਣੇ ਜੀਵਨ ਨੂੰ ਕਲਿਆਣਕਾਰੀ ਗੁਣਾਂ ਦਾ ਉਥਾਨ ਕਰਕੇ ਸੌਖਿਆਂ ਕਰ ਲੈਂਦਾ ਹੈ :

*ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥*
*ਕਲਮ ਕਾਗਦ ਸਿਆਨਪ ਲੇਖੀ ॥*
*ਮਹਰ ਮਲੂਕ ਹੋਇ ਦੇਖਿਆ ਖਾਨ ॥*
*ਤਾ ਤੇ ਨਾਹੀ ਮਨੁ ਤ੍ਰਿਪਤਾਨ ॥*
*ਸੋ ਸੁਖੁ ਮੋ ਕਉ ਸੰਤ ਬਤਾਵਹੁ ॥*
*ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥1 ॥ ਰਹਾਉ ॥*
*ਅਸੁ ਪਵਨ ਹਸਤਿ ਅਸਵਾਰੀ ॥*
*ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥*
*ਨਟ ਨਾਟਿਕ ਆਖਾਰੇ ਗਾਇਆ ॥*
*ਤਾ ਮਹਿ ਮਨਿ ਸੰਤੋਖੁ ਨ ਪਾਇਆ ॥2 ॥*
*ਤਖਤੁ ਸਭਾ ਮੰਡਲ ਦੋਲੀਚੇ ॥*
*ਸਗਲ ਮੇਵੇ ਸੁੰਦਰ ਬਾਗੀਚੇ ॥*
*ਆਖੇੜ ਬਿਰਤਿ ਰਾਜਨ ਕੀ ਲੀਲਾ ॥*
*ਮਨੁ ਨ ਸੁਹੇਲਾ ਪਰਪੰਚੁ ਹੀਲਾ ॥3 ॥*
*ਕਰਿ ਕਿਰਪਾ ਸੰਤਨ ਸਚੁ ਕਹਿਆ ॥*
*ਸਰਬ ਸੂਖ ਇਹੁ ਆਨੰਦੁ ਲਹਿਆ ॥*
*ਸਾਧਸੰਗਿ ਹਰਿ ਕੀਰਤਨੁ ਗਾਈਐ ॥*
*ਕਹੁ ਨਾਨਕ ਵਡਭਾਗੀ ਪਾਈਐ ॥4 ॥*
*ਜਾ ਕੈ ਹਰਿ ਧਨੁ ਸੋਈ ਸੁਹੇਲਾ ॥*
*ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥*
*ਰਹਾਉ ਦੂਜਾ ॥12 ॥81 ॥*

ਗਉੜੀ ਗੁਆਰੇਰੀ ਮਹਲਾ 5, ਸਫ਼ਾ 180

ਸੰਗੀਤ ਦੀ ਵਿਦਿਆ ਸੁਸਿਖਿਅਤ ਸੰਗੀਤਕਾਰ ਤੋਂ ਮਿਲ ਸਕਦੀ ਹੈ, ਪਰ ਕੀਰਤਨ ਅਜਿਹੀ ਵਿਦਿਆ ਨਹੀਂ ਜੋ ਸਾਧਾਰਨ ਉਸਤਾਦਾਂ ਤੋਂ ਮਿਲ ਸਕੇ। ਇਹ ਨਿਰਮਲ ਗਾਇਨ ਉਚੇ ਜੀਵਨ ਵਾਲੇ ਵਿਕਾਰ ਰਹਿਤ ਮਨੁੱਖਾਂ ਦੀ ਸੰਗਤ ਵਿਚੋਂ ਮਿਲਦਾ ਹੈ। ਜਿਨ੍ਹਾਂ ਨੇ ਸਾਧਸੰਗਤ ਵਿਚੋਂ ਕੀਰਤਨ ਰੂਪ ਫਲ ਪ੍ਰਾਪਤ ਕੀਤਾ ਹੈ, ਉਹ ਮੌਤ ਭਾਵ ਅਧਿਆਤਮਕ ਪਤਨ ਦੇ ਰਸਤੇ ਨਹੀਂ ਜਾਂਦੇ, ਕਿਉਂਕਿ ਉਨਾਂ ਨੇ ਆਪਣੇ ਮਨ, ਬਚਨ ਅਤੇ ਕਰਮ ਨੂੰ ਸੱਚ ਨਾਲ ਸਾਧ ਕੇ ਇਕ ਰੂਪ ਕਰ ਲਿਆ ਹੈ। ਇਸ ਸਾਧਨਾ ਨਾਲ ਉਹ ਬਿਖ ਸੰਸਾਰ ਤੋਂ ਮੁਕਤ ਹੋ ਕੇ ਅੰਮ੍ਰਿਤ ਸੰਸਾਰ ਵਿਚ ਪ੍ਰਵੇਸ਼ ਕਰ ਗਏ ਹਨ ਭਾਵ ਪਹਿਲਾਂ ਉਨ੍ਹਾਂ ਦਾ ਸੰਪਰਕ ਸੰਸਾਰ ਦੀ ਵਿਸ਼ੈ ਵਾਸਨਾ ਨਾਲ ਸੀ, ਪਰ ਹੁਣ ਨਵੀਂ ਸਥਿਤੀ ਵਿਚ ਉਸੇ ਸੰਸਾਰ ਦੀ ਹਰ ਵਸਤੂ ਉਨ੍ਹਾਂ ਲਈ ਅਮ੍ਰਿਤ ਰੂਪ ਹੋ ਗਈ ਹੈ। ਇਸ ਗੁਰਬਾਣੀ ਨੂੰ ਗਾਉਣ ਵਾਲੇ ਦਾ ਹਰ ਤਰ੍ਹਾਂ ਦੁਰਗੁਣਾਂ ਨਾਲੋਂ ਸੰਪਰਕ ਹੀ ਟੁੱਟ ਜਾਂਦਾ ਹੈ, ਕਿਉਂਕਿ 'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ' ਵਾਲੇ ਉਸ ਦੇ ਅੰਮ੍ਰਿਤ ਸੰਸਾਰ ਵਿਚ ਦੁਰਗੁਣਾਂ ਦਾ ਪੂਰਨ ਅਭਾਵ ਅਤੇ ਸਦਗੁਣਾਂ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ:

*ਸਾਧਸੰਗਿ ਕੀਰਤਨ ਫਲੁ ਪਾਇਆ ॥*
*ਜਮ ਕਾ ਮਾਰਗੁ ਦ੍ਰਿਸਟਿ ਨਾ ਆਇਆ ॥2 ॥*
*ਮਨ ਬਚ ਕ੍ਰਮ ਗੋਵਿੰਦ ਅਧਾਰੁ ॥*
*ਤਾ ਤੇ ਛੁਟਿਓ ਬਿਖੁ ਸੰਸਾਰੁ ॥3 ॥*

ਗਉੜੀ ਮਹਲਾ 5, ਸਫ਼ਾ 197

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਕੀਰਤਨਕਾਰ ਦਾ ਇਹ ਮਨ ਜਦੋਂ ਗੁਰੂ ਸ਼ਬਦ ਵਿਚ ਜਾਗ ਪੈਂਦਾ ਹੈ ਤਾਂ ਉਸ ਦੇ ਅੰਦਰੋਂ ਹਰ ਵਕਤ ਇਹ ਪ੍ਰੇਰਨਾ ਪ੍ਰਵਾਹਿਤ ਹੁੰਦੀ ਹੈ ਕਿ ਦੁਰਗੁਣਾਂ ਦੀ ਮੈਲ ਤੋਂ ਆਪਣੇ ਆਪ ਨੂੰ ਨਿਰਲੇਪ ਰੱਖਣਾ ਹੈ, ਇਕੋ ਦੇ ਗੁਣ ਗਾ ਕੇ ਦ੍ਵੈਤ ਭਾਵ ਤੋਂ ਮੁਕਤ ਹੋਣਾ ਹੈ, ਮਾਇਆ ਦੇ ਵਿਵਹਾਰ ਵਾਲੇ ਸਾਰੇ ਧਾਰਮਿਕ ਕਰਮਾਂ ਦਾ ਪਰਿਤਿਆਗ ਕਰਨਾ ਹੈ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੇ ਧਾਰਮਿਕ ਨਿਯਮਾਂ ਅਥਵਾ ਭੋਜਨ ਆਦਿ ਦੇ ਵਰਤ ਰੱਖਣ ਦੀਆਂ ਪਾਬੰਦੀਆਂ ਤੋਂ ਸਰਵਥਾ ਆਜ਼ਾਦ ਹੋਣਾ ਹੈ:

*ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥*
*ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥1 ॥ ਰਹਾਉ ॥*
*ਏਕੋ ਸਿਮਰਿ ਨ ਦੂਜਾ ਭਾਉ ॥*
*ਸਤਸੰਗਿ ਜਪਿ ਕੇਵਲ ਨਾਉ ॥1 ॥*
*ਕਰਮ ਧਰਮ ਨੇਮ ਬ੍ਰਤ ਪੂਜਾ ॥*
*ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥2 ॥*

ਗਉੜੀ ਮਹਲਾ 5, ਸਫ਼ਾ 199

ਹਰ ਵਿਅਕਤੀ ਨਾਲ ਮਿਠਾ ਬੋਲਣਾ ਇਕ ਦੁਰਲਭ ਗੁਣ ਹੈ। ਗੁਰਬਾਣੀ ਅਨੁਸਾਰ ਕੀਰਤਨ ਰਾਹੀਂ ਜਿਨ੍ਹਾਂ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਨਿਵਾਸ ਹੋ ਜਾਂਦਾ ਹੈ, ਉਨ੍ਹਾਂ ਦੀ ਜ਼ੁਬਾਨ ਗਾਇਨ ਰਸ ਨਾਲ ਰਸੀਲੀ ਹੋ ਜਾਂਦੀ ਹੈ ਅਤੇ ਉਹ ਮਨੁੱਖ 'ਮਿਠ ਬੋਲੜੇ ਸੱਜਣ' ਹੋਣ ਦਾ ਸੁਭਾਗ ਪ੍ਰਾਪਤ ਕਰ ਲੈਂਦੇ ਹਨ :

*ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ*
*ਅਨਦਿਨੁ ਕੀਰਤਨੁ ਰਸਨ ਰਮੋਗੀ ॥3 ॥*

ਗਉੜੀ ਮਹਲਾ 5, ਸਫ਼ਾ 208

ਗਉੜੀ ਰਾਗ ਦੀ ਥਿਤੀ ਬਾਣੀ ਵਿਚ ਏਕਾਦਸੀ ਅਤੇ ਦੁਆਦਸੀ ਦਾ ਵਰਣਨ ਕਰਦਿਆਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਗੁਰਬਾਣੀ ਗਾਇਨ ਦਾ ਪ੍ਰਯੋਜਨ ਅਜਿਹੇ ਅੱਟਲ ਧਰਮ ਨੂੰ ਸਮਰਪਿਤ ਹੈ, ਜਿਸ ਦੀ ਸਹਿਜ ਪ੍ਰਾਪਤੀ ਨਾਲ ਪ੍ਰਮੇਸ਼ਰ ਦੀ ਜੋਤ ਸਭ ਜੀਵਾਂ ਵਿਚ ਪ੍ਰਜੁਲਿਤ ਦਿੱਸਦੀ ਹੈ। ਵਿਸ਼ਿਆਂ ਵੱਲ ਦੌੜਨ ਵਾਲੀਆਂ ਇੰਦਰੀਆਂ ਵਸ ਵਿਚ ਆ ਜਾਂਦੀਆਂ ਹਨ। ਮਨ ਵਿਚ ਸੰਤੋਖ ਦੀ ਭਾਵਨਾ ਦਾ ਉਥਾਨ ਹੋ ਜਾਂਦਾ ਹੈ। ਸਾਰੇ ਜੀਵਾਂ ਪ੍ਰਤੀ ਦਇਆ ਭਰਪੂਰ ਵਿਵਹਾਰ ਜੀਵਨ ਵਿਧੀ ਦਾ ਸਦੀਵੀ ਸਾਥੀ ਬਣ ਜਾਂਦਾ ਹੈ। ਬੁਰਿਆਈਆਂ ਵੱਲ ਦੌੜਦਾ ਮਨ ਹੁਣ ਮੂਲ ਪ੍ਰਭੂ ਉਤੇ ਸਥਿਰ ਹੋ ਜਾਂਦਾ ਹੈ। ਮਨ ਅਤੇ ਸਰੀਰ ਨਿਰਮਲ ਹੋ ਜਾਂਦੇ ਹਨ। ਧਰਮ ਦੇ ਤਿੰਨ ਪ੍ਰਮੁੱਖ ਅੰਗਾਂ ਨਾਮ, ਦਾਨ ਅਤੇ ਇਸ਼ਨਾਨ ਵਾਲਾ ਜੀਵਨ ਪ੍ਰਾਪਤ ਹੋ ਜਾਂਦਾ ਹੈ। ਅਹੰਕਾਰ ਮੂਲੋਂ ਮਿਟ ਜਾਂਦਾ ਹੈ। ਭਲੇ ਪੁਰਖਾਂ ਦੀ ਸੰਗਤ ਵਿਚ ਰਹਿਣ ਦਾ ਸੁਭਾਅ ਬਣ ਜਾਂਦਾ ਹੈ। ਮਨ ਦੀਆਂ ਪਦਾਰਥਕ ਖਾਹਿਸ਼ਾਂ ਰੁਕ ਜਾਂਦੀਆਂ ਹਨ। ਸਭ ਨੂੰ ਆਨੰਦ ਪ੍ਰਦਾਨ ਕਰਨ ਵਾਲੀ ਮਧੁਰ ਬਾਣੀ ਨਾਲ ਜੀਭ ਰਸ ਭਰਪੂਰ ਹੋ ਜਾਂਦੀ ਹੈ। ਗੁਰਵਾਕ ਹੈ :

*ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥*
*ਇੰਦ੍ਰੀ ਬਸਿ ਕਰ ਸੁਣਹੁ ਹਰਿ ਨਾਮੁ ॥*
*ਮਨਿ ਸੰਤੋਖ ਸਰਬ ਜੀਅ ਦਇਆ ॥*
*ਇਨ ਬਿਧਿ ਬਰਤੁ ਸੰਪੂਰਨ ਭਇਆ ॥*
*ਧਾਵਤ ਮਨੁ ਰਾਖੈ ਇਕ ਠਾਇ ॥*
*ਮਨੁ ਤਨੁ ਸੁਧੁ ਜਪਤ ਹਰ ਨਾਇ ॥*
*ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥*
*ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥11 ॥*
*ਦੁਆਦਸੀ ਦਾਨੁ ਨਾਮ ਇਸਨਾਨੁ ॥*
*ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥*
*ਹਰ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥*
*ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥*
*ਕੋਮਲ ਬਾਣੀ ਸਭ ਕਉ ਸੰਤੋਖੈ ॥*
*ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥*

ਗਉੜੀ (ਥਿਤੀ), ਮਹਲਾ 5, ਸਫ਼ਾ 299

ਗੁਰਬਾਣੀ ਦਾ ਸ਼ਬਦ-ਸੁਰ-ਸੰਗਮ ਤੀਰਥਾਂ ਤੋਂ ਉਪਜਦੀ ਹਉਮੈ, ਪੁਜਾਰੀਆਂ ਦੀ ਲਾਲਚੀ ਬਿਰਤੀ, ਧਰਮ ਸ਼ਾਸਤ੍ਰ ਦੁਆਰਾ ਸਥਾਪਿਤ ਪਾਪ-ਪੁੰਨ ਦੀ ਨਿਰਾਰਥਕ ਵਿਵਸਥਾ, ਧਾਰਮਿਕ ਕਰਮ ਕਾਂਡ ਤੋਂ ਉਪਜਣ ਵਾਲੀ ਅਸਿਹ ਪੀੜਾ, ਗ੍ਰਹਿਸਥ ਦੇ ਬੰਧਨਾਂ ਵਿਚੋਂ ਪ੍ਰਵਾਹਿਤ ਹੋਣ ਵਾਲੀ ਚਿੰਤਾ ਅਤੇ ਤਿਆਗਵਾਦੀਆਂ ਦੇ ਫੋਕੇ ਅਹੰਕਾਰ ਤੋਂ ਮੁਕਤ ਰਹਿਣ ਵਾਲੇ ਉਸ ਵਿਵੇਕੀ ਵਿਅਕਤਿਤਵ ਨੂੰ ਪ੍ਰੋਤਸਾਹਿਤ ਕਰਦਾ ਹੈ, ਜੋ ਗੁਣ-ਮੂਲ ਕੀਰਤਨ ਨੂੰ ਹੀ ਜੀਵਨ ਦਾ ਅਧਾਰ ਸਵੀਕਾਰ ਕਰਦਾ ਹੈ-

*ਤੀਰਥਿ ਜਾਉ ਤ ਹਉ ਹਉ ਕਰਤੇ ॥*
*ਪੰਡਿਤ ਪੂਛਉ ਤ ਮਾਇਆ ਰਾਤੇ ॥ 1 ॥*
*ਸੋ ਅਸਥਾਨੁ ਬਤਾਵਹੁ ਮੀਤਾ ॥*
*ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ 1 ॥ ਰਹਾਉ ॥*
*ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥*
*ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥ 2 ॥*
*ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥*
*ਕਰਮ ਕਰਤ ਜੀਅ ਕਉ ਜੰਜਾਰ ॥3 ॥*
*ਪ੍ਰਭ ਕਿਰਪਾ ਤੇ ਮਨੁ ਵਸਿ ਆਇਆ।*
*ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥4 ॥*
*ਸਾਧਸੰਗਿ ਹਰਿ ਕੀਰਤਨੁ ਗਾਈਐ ॥*
*ਇਹ ਅਸਥਾਨ ਗੁਰੂ ਤੇ ਪਾਈਐ ॥1 ॥ ਰਹਾਉ ਦੂਜਾ ॥7 ॥*

ਆਸਾ,ਮਹਲਾ 5, ਸਫ਼ਾ 385

ਕਾਮਾਦਿ ਵਿਕਾਰਾਂ ਦੇ ਆਸਾ, ਤ੍ਰਿਸ਼ਨਾ ਆਦਿ ਹੋਰ ਵੀ ਸੰਗੀ ਸਾਥੀ ਹਨ, ਜੋ ਮਾਨਵੀ ਚਿੱਤ ਨੂੰ ਅਨੈਤਿਕ ਵਿਵਹਾਰ ਲਈ ਨਿਰੰਤਰ ਉਤਸਾਹ ਦੇਂਦੇ ਹਨ। ਹਮੇਸ਼ਾ ਅਸੰਤੁਸ਼ਟ ਰਹਿਣ ਵਾਲੀ ਆਸ ਨੂੰ ਗੁਰਬਾਣੀ ਵਿਚ ਕੁੱਤੀ ਕਿਹਾ ਗਿਆ ਹੈ, ਇਸ ਦੇ ਪ੍ਰਭਾਵ ਵਿਚ ਆਇਆ ਮਨੁੱਖ ***ਦੁਆਰਹਿ ਦੁਆਰਿ ਸੁਆਨ ਜਿਉ ਡੋਲਤ*** ਦੇ ਗੁਰਵਾਕ ਅਨੁਸਾਰ ਆਪਣੇ ਸਾਰੇ ਇਨਸਾਨੀ ਗੁਣਾਂ ਦਾ ਤਿਆਗ ਕਰ ਕੇ ਦਰ-ਦਰ 'ਤੇ ਕੁੱਤੇ ਵਾਂਗ ਭਟਕਦਾ ਹੈ। ਮਨੁੱਖ ਦੀ ਚਿੱਤ ਬਿਰਤੀ ਵਿਚੋਂ ਇਸ ਆਸ ਦੀਆਂ ਭਿਆਨਕ ਤਰੰਗਾਂ ਕਈ ਰੂਪਾਂ ਵਿਚ ਉਠਦੀਆਂ ਹਨ। ਆਸ ਦੇ ਇਸ ਜਮ-

ਜਾਲ ਵਰਗੇ ਵਿਕਰਾਲ ਅਸਰ ਨੂੰ ਕੀਰਤਨ ਦੁਆਰਾ ਹੀ ਕੱਟਿਆ ਜਾ ਸਕਦਾ ਹੈ ਭਾਵ ਅਸੀਮ ਖਾਹਿਸ਼ਾਂ ਅਧੀਨ ਧਨ-ਪ੍ਰਾਪਤੀ ਵਾਸਤੇ ਲੱਗੀ ਖਤਰਨਾਕ ਦੌੜ ਨੂੰ ਕੀਰਤਨ ਦੁਆਰਾ ਰੋਕਿਆ ਜਾ ਸਕਦਾ ਹੈ। ਇਸ ਦੇ ਰੁਕਣ ਨਾਲ ਸਧਾਰਨ ਕੰਮਕਾਜੀ ਵਿਵਹਾਰ ਅਤੇ ਗ੍ਰਿਹਸਤ ਦੇ ਫਰਜ਼ਾਂ ਦੀ ਪੂਰਤੀ ਵਿਚ ਕੋਈ ਵਿਘਨ ਨਹੀਂ ਪੈਂਦਾ, ਕਿਉਂ ਕਿ ਕੀਰਤਨਕਾਰ ਗੁਰਮੁਖਾਂ ਵਾਲੇ ਉਚਿਤ ਸੰਜਮਿਤ ਭੋਗ ਤੋਂ ਉਨਮੁਕਤ ਨਹੀਂ ਹੁੰਦਾ। ਉਹ ਸ਼ਬਦ ਦੇ ਪ੍ਰਕਾਸ਼ ਵਿਚ ਕੇਵਲ ਉਸ ਆਸ ਨੂੰ ਰੋਕਣ ਦਾ ਯਤਨ ਕਰਦਾ ਹੈ, ਜਿਸ ਨਾਲ ਸਮਾਜ ਵਿਚ ਭ੍ਰਿਸ਼ਟ-ਆਚਾਰ ਅਤੇ ਆਰਥਿਕ ਅਸਮਾਨਤਾ ਉਤਸਾਹਿਤ ਹੁੰਦੇ ਹਨ-

*ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ॥*
*ਗੁਰ ਗਿਆਨ ਕੀਰਤਨ*
*ਗੋਬਿੰਦ ਰਮਣੰ ਕਾਟੀਐ ਜਮ ਜਾਲ॥ 2॥*

ਗੂਜਰੀ, ਮਹਲਾ 5, ਸਫਾ 502

ਕਾਮ ਦੀ ਸਬਲ ਉਤੇਜਨਾ ਕਾਰਨ ਮਨੁੱਖ ਮਾਨਵ-ਹਿੱਤ ਵਿਚ ਨਿਸ਼ਚਿਤ ਕੀਤੀਆਂ ਸਰਬ ਸੁਖਦਾਈ ਸੀਮਾਵਾਂ ਦਾ ਉਲੰਘਣ ਕਰਕੇ ਪਰਾਏ ਤਨ ਵਲ ਮੰਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਲਾਲਚ ਕਾਰਨ ਦੂਜਿਆਂ ਦਾ ਧਨ ਖੋਹਣਾ ਚਾਹੁੰਦਾ ਹੈ। ਆਪਣੇ ਅਹੰਕਾਰ ਦੀ ਤੁਸ਼ਟੀ ਵਾਸਤੇ ਦੂਜਿਆਂ ਦੀ ਨਿੰਦਿਆ ਕਰਦਾ ਹੈ। ਗੁਰਬਾਣੀ ਦਾ ਕੀਰਤਨ ਇਸ ਅਨੈਤਿਕ ਆਚਾਰ ਨੂੰ ਰੋਕਣ ਦਾ ਸਫਲ ਮਾਧਿਅਮ ਹੈ। ਜਿਸ ਵਿਅਕਤੀ ਦਾ ਮਨ ਹਰੀ ਦੇ ਕੀਰਤਨ ਰਾਹੀਂ ਜਾਗ ਪੈਂਦਾ ਹੈ, ਉਹ ਭਲੇ ਪੁਰਖਾਂ ਦੀ ਸੰਗਤ ਅਤੇ ਮਹਾਂਪੁਰਖ ਦੇ ਬਚਨਾਂ ਦੇ ਰਾਹੀਂ ਦੁਰਗੁਣਾਂ ਨੂੰ ਆਪਣੇ ਅੰਦਰ ਹੀ ਨਸ਼ਟ ਕਰ ਦੇਂਦਾ ਹੈ। ਅਜਿਹਾ ਗਾਇਕ ਪਰਾਏ ਧਨ ਵੱਲ ਨਹੀਂ ਵੇਖਦਾ, ਪਰਾਈ ਸੁੰਦਰਤਾ ਵਿਚ ਚਿੱਤ ਨੂੰ ਨਹੀਂ ਡੁਲਾਂਦਾ ਅਤੇ ਨਾ ਹੀ ਉਸ ਨੂੰ ਦੂਜਿਆਂ ਦੀ ਨਿੰਦਾ ਚੁਗਲੀ ਚੰਗੀ ਲਗਦੀ ਹੈ-

*ਪਰਧਨ ਪਰਤਨ ਪਰ ਕੀ ਨਿੰਦਾ*
*ਇਨ ਸਿਉ ਪ੍ਰੀਤਿ ਨ ਲਾਗੈ॥*
*ਸੰਤਹ ਸੰਗੁ ਸੰਤ ਸੰਭਾਖਨੁ*
*ਹਰਿ ਕੀਰਤਨਿ ਮਨੁ ਜਾਗੈ॥ 2॥*

ਧਨਾਸਰੀ, ਮਹਲਾ 5, ਸਫਾ 674

ਕੀਰਤਨ ਦਾ ਮਨੋਰਥ ਦੁਰਗੁਣਾਂ ਨਾਲ ਭ੍ਰਿਸ਼ਟ ਹੋਏ ਜੀਵਨ ਨੂੰ ਫਿਰ ਤੋਂ ਉਸ ਦੀ ਮੂਲ- ਪਵਿੱਤਰਤਾ ਪ੍ਰਦਾਨ ਕਰਨਾ ਹੈ। ਕੀਰਤਨ ਅਹੰਕਾਰ ਨੂੰ ਦੂਰ ਕਰ ਕੇ ਅਜਿਹੇ ਨਿਮਰਤਾ ਨਾਲ ਭਰੇ ਵਿਅਕਤਿਤਵ ਦੀ ਘਾੜਤ ਕਰਦਾ ਹੈ, ਜਿਸ ਨੂੰ ਪ੍ਰਾਪਤ ਕਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਸਭ ਤੋਂ ਛੋਟਾ ਅਤੇ ਸਭ ਦਾ ਸੇਵਕ ਜਾਣ ਕੇ ਮਾਨਵੀ ਸਮਾਜ ਨੂੰ ਉਚਾਈਆਂ ਤੱਕ ਲਿਜਾਣ ਵਾਸਤੇ ਭਰਪੂਰ ਯਤਨ ਕਰਨ ਵਿਚ ਹੀ ਸਾਰੇ ਮਾਨ-ਸਨਮਾਨ ਅਤੇ ਸੁਖ ਦੀ ਪ੍ਰਾਪਤੀ ਮਹਿਸੂਸ ਕਰਦਾ ਹੈ-

*ਦਾਸ ਤੁਮਾਰੇ ਕੀ ਪਾਵਉ*
*ਧੂਰਾ ਮਸਤਕਿ ਲੇ ਲੇ ਲਾਵਉ॥*
*ਮਹਾ ਪਤਿਤ ਤੇ ਹੋਤ ਪੁਨੀਤਾ*
*ਹਰਿ ਕੀਰਤਨ ਗੁਣ ਗਾਵਉ॥ 1॥*

ਟੋਡੀ, ਮਹਲਾ 5, ਸਫਾ 713

ਰਾਮਕਲੀ ਰਾਗ ਦੇ ਇਕ ਸ਼ਬਦ ਵਿਚ ਗੁਰੂ ਅਰਜਨ ਦੇਵ ਕਹਿੰਦੇ ਹਨ ਕਿ ਰੰਗ-ਰਸ ਰੂਪ ਆਦਿ ਦੀ ਖਿੱਚ ਪਰਿਵਾਰਕ ਮੋਹ ਦੇ ਬੰਧਨ, ਰਾਜ ਸੱਤਾ ਦਾ ਨਸ਼ਾ, ਜਾਗੀਰਦਾਰੀ ਦੇ ਸੁਖ, ਕਾਰੋਬਾਰ ਦਾ ਬਹੁਤਾ ਵਿਸਤਾਰ, ਧਰਮ ਗ੍ਰੰਥਾਂ ਦੀ ਫਜ਼ੂਲ ਚਰਚਾ, ਜੀਭ ਦੇ ਚਸਕੇ ਨਸ਼ਿਆਂ ਦੀ ਆਦਤ, ਜੂਆ ਖੇਡਣ ਦੀ ਬੁਰੀ ਵਾਦੀ, ਪਰਾਇਆ ਧਨ ਚੁਰਾਣ ਦੀ ਬਿਰਤੀ, ਕਠਿਨ ਤਪੱਸਿਆਵਾਂ ਵਾਲੀ ਫਜ਼ੂਲ ਸਾਧਨਾ, ਅਗਿਆਨਮਈ ਪੂਜਾ ਆਦਿ ਜੋ ਮਨੁੱਖ ਨੂੰ ਵੀ ਅਤੇ ਪੂਰੀ ਮਾਨਵਤਾ ਨੂੰ ਵੀ ਅਧੋਗਤੀ ਵਲ ਲਿਜਾਂਦੇ ਹਨ, ਰੱਬ ਦੇ ਗੁਣ ਗਾਉਣ ਵਾਲਾ ਵਿਅਕਤੀ ਇਹਨਾਂ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੈ-

*ਕਾਹੂ ਬਿਹਾਵੈ ਰੰਗ ਰਸ ਰੂਪ॥*
*ਕਾਹੂ ਬਿਹਾਵੈ ਮਾਇ ਬਾਪ ਪੂਤ॥*
*ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ॥*
*ਸੰਤ ਬਿਹਾਵੈ ਹਰਿ ਨਾਮ ਅਧਾਰਾ॥ 1*
*ਕਾਹੂ ਬਿਹਾਵੈ ਬੇਦ ਅਰੁ ਬਾਦਿ॥*
*ਕਾਹੂ ਬਿਹਾਵੈ ਰਸਨਾ ਸਾਦਿ॥*
*ਕਾਹੂ ਬਿਹਾਵੈ ਲਪਟਿ ਸੰਗਿ ਨਾਰੀ।*
*ਸੰਤ ਰਚੇ ਕੇਵਲ ਨਾਮ ਮੁਰਾਰੀ॥ 2*
*ਕਾਹੂ ਬਿਹਾਵੈ ਖੇਲਤ ਜੂਆ॥*
*ਕਾਹੂ ਬਿਹਾਵੈ ਅਮਲੀ ਹੂਆ॥*
*ਕਾਹੂ ਬਿਹਾਵੈ ਪਰ ਦਰਬ ਚੋਰਾਏ॥*
*ਹਰਿ ਜਨ ਬਿਹਾਵੈ ਨਾਮ ਧਿਆਏ॥ 3॥*
*ਕਾਹੂ ਬਿਹਾਵੈ ਜੋਗ ਤਪ ਪੂਜਾ॥*
*ਕਾਹੂ ਰੋਗ ਸੋਗ ਭਰਮੀਜਾ॥*
*ਕਾਹੂ ਪਵਨ ਧਾਰ ਜਾਤ ਬਿਹਾਏ॥*

*ਸੰਤ ਬਿਹਾਵੈ ਕੀਰਤਨੁ ਗਾਏ॥ 4॥*

ਰਾਮਕਲੀ, ਮਹਲਾ 5, ਸਫਾ 914

ਅਨੈਤਿਕਤਾ ਦਾ ਵਾਸਤਵਿਕ ਕਾਰਨ ਬੁੱਧੀ ਵਿਚ ਸੰਗ੍ਰਹਿ ਹੋਏ ਬੁਰੇ ਵਿਚਾਰ ਹਨ। ਇਸ ਲਈ ਬੁਰੇ ਵਿਵਹਾਰ ਨੂੰ ਰੋਕਣ ਵਾਸਤੇ ਬੁੱਧੀ ਅੰਦਰ ਬੁਰੇ ਵਿਚਾਰਾਂ ਨੂੰ ਰੋਕਣਾ ਬਹੁਤ ਜਰੂਰੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਵਿਅਕਤੀ ਕੀਰਤਨ ਕਰਦਾ ਹੈ ਅਤੇ ਸੁਣਦਾ ਹੈ ਉਸ ਦੀ ਖੋਟੀ ਮੱਤ ਨਸ਼ਟ ਹੋ ਜਾਂਦੀ ਹੈ-

*ਜੋ ਜੋ ਕਥੈ ਸੁਨੈ ਹਰਿ ਕੀਰਤਨੁ*
*ਤਾ ਕੀ ਦੁਰਮਤਿ ਨਾਸੁ॥*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥ 2॥*

ਕਾਨੜਾ, ਮਹਲਾ 5, ਸਫਾ 1300

ਗੁਰਬਾਣੀ ਵਿਚ ਅਨੈਤਿਕਤਾ-ਮੂਲ ਪੰਜ ਵਿਕਾਰਾਂ ਅਤੇ ਇਹਨਾਂ ਦੇ ਹੋਰ ਸਾਥੀਆਂ ਨੂੰ ਮਹਾਬਲੀਆ ਦੀ ਫੌਜ ਕਿਹਾ ਗਿਆ ਹੈ। ਦੁਰਗੁਣਾਂ ਦੀ ਇਸ ਫੌਜ ਦਾ ਮੁਕਾਬਲਾ ਕਰਨ ਵਾਸਤੇ ਸੰਤ-ਜਨ ਰੂਪ ਅਜਿੱਤ ਸੂਰਮਿਆਂ ਦੀ ਸਸ਼ਕਤ ਸੈਨਾ ਹੈ। ਨਿਮਰਤਾ ਵਾਲਾ ਸੁਭਾਅ ਉਹਨਾਂ ਗੁਰਮੁਖਾਂ ਦੇ ਸਰੀਰ ਉਤੇ ਸੰਜੋਅ ਹੈ, ਗੋਬਿੰਦ ਦੇ ਗੁਣ ਗਾਉਣੇ ਉਹਨਾਂ ਦੇ ਸ਼ਸਤਰ ਹਨ, ਗੁਰ ਸ਼ਬਦ ਦੀ ਓਟ ਉਹਨਾਂ ਦੇ ਹੱਥ ਵਿਚ ਫੜੀ ਢਾਲ ਹੈ, ਪਰਮਾਤਮਾ (ਦੇ ਮਿਲਾਪ) ਦਾ ਰਸਤਾ ਭਾਲਣਾ ਉਹਨਾਂ ਵਾਸਤੇ ਮਾਨੋ ਘੋੜੇ, ਰਥ ਅਤੇ ਹਾਥੀਆਂ ਦੀ ਸਵਾਰੀ ਹੈ। ਸੰਤ-ਜਨ ਪਰਮਾਤਮਾ ਦੇ ਕੀਰਤੀ-ਗਾਇਨ ਦੀ ਸਹਾਇਤਾ ਨਾਲ (ਕਾਮਾਦਿਕ) ਵੈਰੀ-ਦਲ ਉਤੇ ਹਮਲਾ ਕਰਦੇ ਹਨ ਅਤੇ ਵੈਰੀ ਦਲ ਵਿਚ ਨਿਡਰ ਹੋ ਕੇ ਤੁਰੇ ਫਿਰਦੇ ਹਨ। ਕੀਰਤਨ ਦੇ ਬਲ ਨਾਲ ਸੰਤ-ਜਨ ਉਹਨਾਂ ਪੰਜ ਚੋਰਾਂ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ, ਜਿਹਨਾਂ ਨੇ ਸਾਰੇ ਸੰਸਾਰ ਵਿਚ ਭ੍ਰਿਸ਼ਟ ਆਚਾਰ ਨੂੰ ਪ੍ਰਵਾਹਿਤ ਕੀਤਾ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੇ ਬਚਨ ਹਨ-

*ਸੈਨਾ ਸਾਧ ਸਮੂਹ ਸੂਰ*
*ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥*
*ਆਵਧਹ ਗੁਣ ਗੋਬਿੰਦ ਰਮਣੰ*
*ਓਟ ਗੁਰ ਸਬਦ ਕਰ ਚਰਮਣਹ॥*
*ਆਰੂੜਤੇ ਅਸਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥*
*ਬਿਚਰਨਤੇ ਨਿਰਭਯ ਸਤ੍ਰ ਸੈਨਾ*
*ਧਾਯੰਤੇ ਗੋਪਾਲ ਕੀਰਤਨਹ॥*
*ਜਿਤਤੇ ਬਿਸਵ ਸੰਸਾਰਹ ਨਾਨਕ*
*ਵਸੰ ਕਰੋਤਿ ਪੰਚ ਤਸਕਰਹ॥*

ਸਲੋਕ (ਸਹਸਕ੍ਰਿਤੀ), ਮਹਲਾ 5, ਸਫਾ 1356

ਜਿਸ ਅਨੈਤਿਕਤਾ ਦੇ ਪ੍ਰਵਾਹ ਕਾਰਨ ਸੰਸਾਰ ਵਿਚ ਅਸ਼ਾਂਤੀ ਅਸਥਿਰਤਾ ਅਤੇ ਦੁੱਖ ਦਾ ਬੋਲ-ਬਾਲਾ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਨੂੰ ਪ੍ਰਭੂ ਕੀਰਤਨ ਦੁਆਰਾ ਹੀ ਰੋਕਿਆ ਜਾ ਸਕਦਾ ਹੈ,ਕਿਉਂ ਕਿ ਕੀਰਤਨ ਹੀ ਸ਼ਾਂਤੀ, ਸਥਿਰਤਾ ਅਤੇ ਆਨੰਦ ਦਾ ਵਾਤਾਵਰਣ ਬਣਾ ਸਕਦਾ ਹੈ-

*ਰਸਨਾ ਗੁਣ ਗੋਪਾਲ ਨਿਧਿ ਗਾਇਣ॥*
*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ॥ 1॥ ਰਹਾਉ॥*

ਟੋਡੀ, ਮਹਲਾ 5, ਸਫਾ 713-14

ਮਨੁੱਖ ਦੀਆਂ ਮਾਨਸਿਕ-ਪ੍ਰਵਿਰਤੀਆਂ ਅਤੇ ਸਰੀਰਕ ਕਰਮ ਸੁਧਾਰਨ ਵਿਚ ਕੀਰਤੀ-ਗਾਉਣ ਦੀ ਇਸੇ ਮਹਿਮਾ ਕਾਰਨ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ ਪ੍ਰਭੂ ਦਾ ਜੱਸ ਗਾਉਣਾ ਮਨੁੱਖ ਵਾਸਤੇ ਸਾਰੇ ਕਰਮਾਂ ਤੋਂ ਉੱਚਾ ਕਰਮ ਹੈ, ਜੋ ਵੱਡੇ ਭਾਗਾਂ ਨਾਲ ਉਚੀ ਸੁਰਤਿ ਵਾਲੇ ਮਨੁੱਖਾਂ ਨੂੰ ਪ੍ਰਾਪਤ ਹੁੰਦਾ ਹੈ-

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸ ਪੁਰਬ ਲਿਖੇ ਕਾ ਲਹਨਾ॥8॥*

ਸੋਰਠਿ (ਅਸਟਪਦੀ), ਮਹਲਾ 5, ਸਫਾ 942

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੀਰਤਨ ਅਤੇ ਕੀਰਤਨਕਾਰ ਦਾ ਇਹ ਮਾਡਲ ਚਿਤਰਿਆ ਗਿਆ ਹੈ, ਜੋ ਵਿਵਹਾਰਕ ਰੂਪ ਵਿਚ ਅਜ ਦੁਲਭ ਕਿਹਾ ਜਾ ਸਕਦਾ ਹੈ। ਸਿੱਖ ਸੰਗੀਤਕਾਰਾਂ, ਚਿੰਤਕਾਂ ਅਤੇ ਕੀਰਤਨ ਦੇ ਪ੍ਰੇਮੀਆਂ ਨੂੰ ਮਿਲ ਕੇ ਪ੍ਰਯਤਨ ਕਰਨਾ ਚਾਹੀਦਾ ਹੈ ਕਿ ਕੀਰਤਨਕਾਰੀ ਫਿਰ ਉਚੇ ਸਦਾਚਾਰ ਵਾਲੇ ਵਿਅਕਤਿਤਵ ਨੂੰ ਘੜਨ ਪ੍ਰਤੀ ਸਮਰਪਿਤ ਹੋ ਸਕੇ।

---

*ਪਤ੍ਰਿਕਾ 'ਪੰਚਵਟੀ ਸੰਦੇਸ਼' ਵਿਚੋਂ ਧੰਨਵਾਦ ਸਹਿਤ*

# ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਪੰਛੀ

ਭਾਈ ਕਰਮ ਸਿੰਘ ਰਤਨ

ਸਿੱਖ ਰਾਜਪੂਤ ਕੌਮ ਦੇ ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਜੀ ਪੰਛੀ ਦਾ ਨਾਮ ਸਿੱਖ ਰਾਜਪੂਤ ਕੌਮ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ, ਆਪ ਜੀ ਗੁਰਮਤਿ ਸੰਗੀਤ ਦੇ ਇੱਕ ਮਹਾਨ ਗਾਇਕ ਸਨ। ਆਪ ਜੀ ਦੀ ਅਵਾਜ਼ ਬਹੁਤ ਭਾਰੀ ਤੇ ਦਮਦਾਰ ਅਤੇ ਸੁਰਲੀ ਸੀ। ਜਿਥੇ ਆਪ ਜੀ ਸ਼ਾਸ਼ਤਰੀ ਸੰਗੀਤ ਦੇ ਗਿਆਤਾ ਸਨ ਉਥੇ ਆਪ ਜੀ ਸੁਗਮ ਸੰਗੀਤ ਦੇ ਗਾਇਨ ਵਿਚ ਬਹੁਤ ਅੱਛੀ ਮੁਹਾਰਤ ਰਖਦੇ ਸਨ। ਕੀਰਤਨ ਵਿਚ ਐਸਾ ਰਸ ਸੀ ਕਿ ਜਦੋਂ ਆਪ ਜੀ ਕੀਰਤਨ ਕਰਦੇ ਸਨ ਤਾਂ ਕਿਸੇ ਸਰੋਤੇ ਦੀ ਇਹ ਹਿੰਮਤ ਨਹੀਂ ਸੀ ਪੈਂਦੀ ਕਿ ਉਹ ਉਹਨਾਂ ਦੇ ਕੀਰਤਨ ਵਿਚੋਂ ਉਠ ਕੇ ਚਲਾ ਜਾਏ। ਆਪ ਜੀ ਕਥਾ ਵੀ ਬਹੁਤ ਕਮਾਲ ਦੀ ਕਰਦੇ ਸਨ, ਸ਼ਬਦ ਦੀ ਵਿਆਖਿਆ ਅਤੇ ਸਾਖੀ ਸੁਣਾਉਣ ਦਾ ਢੰਗ ਬਹੁਤ ਹੀ ਕਮਾਲ ਦਾ ਸੀ। ਹਾਸ ਰਸ, ਵੈਰਾਗ ਰਸ ਅਤੇ ਬੀਰ ਰਸ ਦੇ ਧਨੀ ਸਨ। ਵਿਆਖਿਆ ਵਿਚ ਆਪ ਜੀ ਸਰੋਤਿਆਂ ਨੂੰ ਬਹੁਤ ਹਸਾਉਂਦੇ ਸਨ ਅਤੇ ਜਦੋਂ ਬੀਰ ਰਸ ਸੁਣਾਉਂਦੇ ਸਨ ਤਾਂ ਸੰਗਤਾਂ ਵਾਰ ਵਾਰ ਜੈਕਾਰੇ ਹੀ ਛਡਦੀਆਂ ਰਹਿੰਦੀਆਂ ਸਨ। ਆਪ ਜੀ ਜਦੋਂ ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ ਸ਼ਹਿਰ ਵਿਖੇ ਕੀਰਤਨ ਦੀ ਡਿਊਟੀ ਕਰਦੇ ਸਨ, ਦਾਸ ਉਦੋਂ ਗੁਰਦੁਆਰਾ ਗੋਬਿੰਦ ਪੁਰਾ ਅੰਬਾਲਾ ਸ਼ਹਿਰ ਵਿਖੇ ਆਪਣੇ ਪਿਤਾ ਜੀ ਨਾਲ ਤਬਲੇ ਦੀ ਡਿਊਟੀ ਕਰਦਾ ਹੁੰਦਾ ਸੀ। ਇੱਕ ਦਿਨ ਦਾਸ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਕੁਦਰਤੀ ਦਰਸ਼ਨ ਕਰਨ ਚਲਾ ਗਿਆ ਤੇ ਅੱਗੇ ਭਾਈ ਮਾਨ ਸਿੰਘ ਜੀ ਪੰਛੀ ਕੀਰਤਨ ਕਰ ਰਹੇ ਸਨ। ਉਦੋਂ ਆਪ ਜੀ ਵੀ ਜਵਾਨ ਸਨ ਤੇ ਸਾਥੀ ਵੀ ਚੰਗੇ ਜਵਾਨ ਸਨ ਤੇ ਆਪ ਜੀ ਉੱਚੀ ਅਵਾਜ਼ ਵਿਚ ਕੀਰਤਨ ਗਾਇਨ ਕਰ ਰਹੇ ਸਨ ***ਜਾ ਤੂੰ ਮੇਰੇ ਵਲ ਹੈ ਤਾਂ ਕਿਆ ਮੁਹਛੰਦਾ*** ਰਾਗ ਭੈਰਵੀ ਵਿਚ ਸੀ। ਸੱਚ ਜਾਣੋ ਪਾਠਕ ਜਨੋ ਇਸ ਸ਼ਬਦ ਦਾ ਮੈਨੂੰ ਇਤਨਾ ਅਨੰਦ ਆਇਆ ਕਿ ਮੈਂ ਦੱਸ ਨਹੀਂ ਸਕਦਾ (ਗੂੰਗੇ ਦੀ ਮਠਿਆਈ) ਵਾਲੀ ਅਵਸਥਾ ਹੋ ਗਈ ਸੀ ਤੇ ਉਦੋਂ ਹੀ ਮੈਂ ਇਹ ਮਨ ਵਿਚ ਧਾਰ ਲਿਆ ਸੀ ਕਿ ਜੇ ਕਦੇ ਸਮਾਂ ਮਿਲਿਆ ਤਾਂ ਦਾਸ ਇਹਨਾਂ ਦੀ ਸੰਗਤ ਜ਼ਰੂਰ ਕਰੇਗਾ ਤੇ ਪੰਛੀ ਜੀ ਦੇ ਨਾਲ ਲੱਗ ਕੇ ਕੀਰਤਨ ਬਾਰੇ ਸਿੱਖੇਗਾ।

ਆਪ ਜੀ ਨੇ ਵੱਡੀਆਂ ਵੱਡੀਆਂ ਸਭਾਵਾਂ ਅਤੇ ਵੱਡੇ ਵੱਡੇ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਕੀਤੀ। ਜਿਸ ਤਰ੍ਹਾਂ ਕਿ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ, ਗੁਰਦੁਆਰਾ ਸਿੰਘ ਸਭਾ ਮੁਜ਼ਫਰ ਨਗਰ ਯੂ.ਪੀ., ਗੁਰਦੁਆਰਾ ਸਿੰਘ ਸਭਾ ਮੁਰਾਦਾਬਾਦ, ਗੁਰਦੁਆਰਾ ਗੁਰੂ ਨਾਨਕ ਦਰਬਾਰ ਸਿਵਲ ਲਾਈਨ ਰਾਮਪੁਰ ਯੂ.ਪੀ., ਗੁਰਦੁਆਰਾ ਗੁਰੂ ਨਾਨਕ ਸਤਸੰਗ ਸਭਾ ਕੁਹਾੜਾ ਪੀਰ ਬਰੇਲੀ, ਇਤਿਹਾਸਕ ਗੁਰਦੁਆਰਾ ਨਾਨਕ ਮਤਾ ਸਾਹਿਬ ਜਿਲ੍ਹਾ ਨੈਨੀਤਾਲ, ਗੁਰਦੁਆਰਾ ਸਿੰਘ ਸਭਾ ਲਾਟੂਸ਼ ਰੋਡ ਕਾਨਪੁਰ ਯੂ.ਪੀ.(ਕੀਰਤਨ ਦੀ ਸੇਵਾ ਵਿਚ ਸਭ ਤੋਂ ਜਿਆਦਾ ਸਮਾਂ ਆਪ ਜੀ ਇਸ ਅਸਥਾਨ ਤੇ ਹੀ ਰਹੇ) ਅਤੇ ਗੁਰਦੁਆਰਾ ਐਲ ਟਾਊਨ ਸਾਕਚੀ ਟਾਟਾ ਨਗਰ ਵੀ ਆਪ ਜੀ ਕੀਰਤਨ ਦੀ ਸੇਵਾ ਕਰਦੇ ਰਹੇ।

ਭਾਈ ਮਾਨ ਸਿੰਘ ਪੰਛੀ ਜੀ ਦੇ ਦਰਸ਼ਨ ਦਾਸ ਨੂੰ ਸਭ ਤੋਂ ਪਹਿਲੀ ਵਾਰ ਪਟਿਆਲੇ ਦੇ ਰਸਤੇ ਵਿਚ ਜੋ ਬਹਾਦਰਗੜ੍ਹ ਕਿਲਾ ਹੈ ਉਹਦੇ ਕੋਲ ਇੱਕ ਪਿੰਡ ਹੈ ਘੜਾਮ, ਉਥੇ ਹੋਏ ਸਨ। ਉਸ ਤੋਂ ਬਾਅਦ ਆਪ ਜੀ ਜਦੋਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਲੱਗੇ ਹੋਏ ਸਨ ਉਦੋਂ ਹੋਏ ਸਨ। ਪੂਰਨ ਤੌਰ ਤੇ ਪੰਛੀ ਜੀ ਨਾਲ ਮੇਰਾ ਸੰਪਰਕ ਪਹਿਲੀ ਵਾਰ ਸੰਨ 1958 ਵਿਚ ਹੋਇਆ ਸੀ ਜਦੋਂ ਆਪ ਜੀ ਗੁਰਦੁਆਰਾ ਸਿੰਘ ਸਭਾ ਮੁਜ਼ਫਰ ਨਗਰ ਵਿਖੇ ਕੀਰਤਨ ਦੀ ਸੇਵਾ ਤੇ ਲੱਗੇ ਸਨ। ਉਦੋਂ ਆਪ ਜੀ ਮੈਨੂੰ ਖੁਦ ਆ ਕੇ ਰਾਜਪੁਰੇ ਤੋਂ ਮੇਰੇ ਪਿਤਾ ਜੀ ਤੋਂ ਮੰਗ ਕੇ ਤਬਲੇ ਤੇ ਸੰਗਤ ਕਰਨ ਲਈ ਲੈ ਕੇ ਗਏ ਸਨ। ਵੈਸੇ ਆਪ ਜੀ ਰਿਸ਼ਤੇ ਵਿਚ ਮੇਰੇ ਮਾਮਾ ਜੀ ਲਗਦੇ ਸਨ, ਕਿਉਂ ਕਿ ਇਹ ਪਾਕਿਸਤਾਨ ਤੋਂ ਮੇਰੀ ਮਾਤਾ ਜੀ ਦੇ ਨਾਨਕੇ ਪਿੰਡ ਤੋਂ ਸਨ ਜੋ ਕਿ ਪਿੰਡ ਗੋਬਿੰਦਪੁਰਾ ਜਿਲ੍ਹਾ ਗੁਜਰਾਤ ਵਿਚ ਸੀ। ਪਾਕਿਸਤਾਨ ਤੋਂ ਆਕੇ ਆਪ ਜੀ ਪਿੰਡ ਬਪਰੌਰ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਵਿਚ ਵਸ ਗਏ ਸਨ। ਆਪ ਜੀ ਦੇ ਮਾਤਾ ਪਿਤਾ ਦਾ ਨਾਮ ਤਾਂ ਦਾਸ ਨਹੀਂ ਜਾਣਦਾ ਕਿਉਂ ਕਿ ਦਾਸ ਨੂੰ ਇਸ ਬਾਰੇ ਪੂਰੀ ਜਾਣਕਾਰੀ ਨਹੀਂ ਹੈ ਨਾ ਹੀ ਉਹਨਾਂ ਦੇ ਉਸਤਾਦ ਬਾਰੇ

ਪੂਰੀ ਜਾਣਕਾਰੀ ਹੈ ਕਿ ਉਹਨਾਂ ਨੇ ਕਿਸ ਗੁਰੂ ਤੋਂ ਤਾਲੀਮ ਹਾਸਲ ਕੀਤੀ ਸੀ। ਇੰਨਾਂ ਜਰੂਰ ਸੁਣਦੇ ਰਹੇ ਹਾਂ ਕਿ ਪਿੰਡ ਗੋਬਿੰਦ ਪੁਰਾ ਦੇ ਹੀ ਇੱਕ ਰਾਗੀ ਹੁੰਦੇ ਸਨ ਭਾਈ ਭੋਲਾ ਸਿੰਘ ਜੀ, ਉਹ ਬਹੁਤ ਸਿਆਣੇ ਰਾਗੀ ਸਨ। ਉਹਨਾਂ ਦੇ ਪਿੰਡ ਦੇ ਲੋਕ ਦਸਦੇ ਹਨ ਕਿ ਭਾਈ ਭੋਲਾ ਸਿੰਘ ਜੀ ਜਦੋਂ ਗਾਉਂਦੇ ਸਨ ਤਾਂ ਆਸੇ ਪਾਸੇ ਦੇ ਪਿੰਡਾਂ ਵਿਚ ਦੂਰ ਦੂਰ ਤੱਕ ਉਹਨਾਂ ਦੀ ਅਵਾਜ਼ ਸੁਣੀਂਦੀ ਸੀ, ਜਦ ਕਿ ਉਹਨਾਂ ਦਿਨਾਂ ਵਿਚ ਲਾਊਡ ਸਪੀਕਰ ਅਜੇ ਪ੍ਰਚਲਤ ਨਹੀਂ ਸੀ ਹੋਇਆ। ਬਹੁਤ ਸਾਰੇ ਰਾਗੀ ਉਹਨਾਂ ਤੋਂ ਪ੍ਰਭਾਵਿਤ ਹੋਏ ਅਤੇ ਬਹੁਤ ਸਾਰੇ ਰਾਗੀਆਂ ਨੇ ਉਹਨਾਂ ਤੋਂ ਸੰਗੀਤ ਦੀ ਸਿੱਖਿਆ ਲਈ ਜਿਵੇਂ ਕਿ ਭਾਈ ਮਾਨ ਸਿੰਘ ਪੰਛੀ ਜੀ, ਭਾਈ ਉੱਤਮ ਸਿੰਘ ਜੀ ਪਤੰਗ। ਇੱਕ ਭਾਈ ਜੈ ਸਿੰਘ ਹੁੰਦੇ ਸਨ ਜੋ ਕਿ ਅੱਖਾਂ ਤੋਂ ਹੀਣ ਸਨ, ਉਹ ਵੀ ਭਾਈ ਭੋਲਾ ਸਿੰਘ ਜੀ ਦੇ ਹੀ ਸ਼ਾਗਿਰਦ ਸਨ। ਇਹਨਾਂ ਨੂੰ ਮੈਂ ਆਪ ਸੁਣਿਆ ਸੀ ਇਹ ਭਾਈ ਜੈ ਸਿੰਘ ਜੀ ਸ਼ਾਸ਼ਤਰੀ ਸੰਗੀਤ ਅਤੇ ਪੁਰਾਤਨ ਰਾਗੀ ਪਰੰਪਰਾ ਦੇ ਧਰੁੰਧਰ ਸਨ, ਬਹੁਤ ਸਿਆਣੇ ਰਾਗੀ ਸਨ। ਦਾਸ ਨੇ ਉਹਨਾਂ ਨੂੰ ਗੋਬਿੰਪੁਰਾ ਅੰਬਾਲਾ ਸ਼ਹਿਰ ਵਿਖੇ ਸੁਣਿਆ ਸੀ। ਆਪ ਜੀ ਕੁਛ ਸਮਾਂ ਗੁਰਦੁਆਰਾ ਸਿੰਘ ਸਭਾ ਰਜਮੈਂਟ ਬਜ਼ਾਰ ਅੰਬਾਲਾ ਛਾਉਣੀ ਵਿਖੇ ਵੀ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਪਰ ਆਪ ਜੀ ਦੇ ਅਖੀਰਲੇ ਦਿਨ ਬਹੁਤ ਹੀ ਔਖੇ ਬੀਤੇ ਸਨ। ਪਿਛਲੀ ਜਿੰਦਗੀ ਵਿਚ ਦਾਸ ਨੇ ਭਾਈ ਜੈ ਸਿੰਘ ਜੀ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ, ਥੱਲੇ ਬਜ਼ਾਰ ਵਿਚ ਸੰਗਤਾਂ ਪਾਸੋਂ ਇੱਕ ਇੱਕ ਪੈਸਾ ਮੰਗਦੇ ਦੇਖਿਆ ਸੀ। ਉਹਨਾਂ ਦੀ ਦਸ਼ਾ ਦੇਖ ਕੇ ਮਨ ਨੂੰ ਬੜਾ ਦੁੱਖ ਹੁੰਦਾ ਸੀ ਕਿ ਸਾਡੀ ਸਿੱਖ ਕੌਮ ਦੇ ਇਤਨੇ ਗੁਣੀ ਬੰਦੇ ਇੱਕ ਇੱਕ ਪੈਸਾ ਗੁਰਦੁਆਰੇ ਦੇ ਥੱਲੇ ਅਤੇ ਪ੍ਰਬੰਧਕ ਕਮੇਟੀ ਦੇ ਨੱਕ ਥੱਲੇ ਖਲੋ ਕੇ ਮੰਗ ਰਹੇ ਹਨ। ਇਹ ਵੇਖ ਕੇ ਨਾ ਸਿੱਖ ਕੌਮ ਨੂੰ ਸ਼ਰਮ ਆਈ ਤੇ ਨਾ ਹੀ ਤਰਸ ਆਇਆ। ਤੇ ਨਾ ਹੀ ਸਾਡੀ ਰਾਜਪੂਤ ਕੌਮ ਨੂੰ ਸ਼ਰਮ ਜਾਂ ਤਰਸ ਆਇਆ ਅਤੇ ਨਾ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਧਿਆਨ ਆਇਆ ਤੇ ਨਾ ਸ਼ਰਮ ਤੇ ਨਾ ਤਰਸ ਆਇਆ। ਜਿਹੜੀਆਂ ਕਮੇਟੀਆਂ ਲੱਖਾਂ ਰੁਪਿਆ ਗੁਰਦੁਆਰਿਆਂ ਦਾ ਆਪ ਖਾ ਜਾਂਦੀਆਂ ਹਨ ਤੇ ਬੜੇ ਬੜੇ ਦਮਗਜੇ ਮਾਰਦੀਆਂ ਹਨ, ਸਾਡੀ ਸਿੱਖ ਕੌਮ ਬਸ ਉਹਨਾਂ ਮਗਰ ਹੀ ਲੱਗੀ ਰਹਿੰਦੀ ਹੈ। ਜਿਹਨਾਂ ਨੂੰ ਸਿੱਖ ਕੌਮ ਦੀ ਰਤਾ ਜਿੰਨੀ ਵੀ ਪਰਵਾਹ ਨਹੀਂ ਹੁੰਦੀ, ਜਿਹੜੇ ਇੱਕ ਘੰਟੇ ਦੇ ਕੀਰਤਨ ਦਾ ਪੰਜਾਹ ਪੰਜਾਹ ਹਜ਼ਾਰ ਰੁਪਿਆ ਮੰਗਦੇ ਹਨ ਤੇ ਅੜ ਕੇ ਸੰਗਤਾਂ ਤੋਂ ਪੈਸੇ ਵਸੂਲਦੇ ਹਨ ਇਸ ਦੇ ਉਲਟ ਜਿਹੜੇ ਕੌਮ ਦੇ ਰਾਗੀ ਮਹਾਨ ਗੁਣੀ ਹੁੰਦਿਆਂ ਹੋਇਆਂ ਵੀ ਸੰਗਤਾਂ ਤੋਂ ਪੈਸਾ ਨਹੀਂ ਮੰਗਦੇ ਉਹਨਾਂ ਨੂੰ ਕੌਮ ਪੁੱਛਦੀ ਹੀ ਨਹੀਂ। ਜੇ ਕਿਤੇ ਉਹ ਕੀਰਤਨ ਦੀ ਮਾਇਆ ਭੇਟਾ ਮੰਗ ਵੀ ਲੈਣ ਤਾਂ ਸਿੱਖ ਕੌਮ ਉਹਨਾਂ ਨੂੰ ਕਹਿੰਦੀ ਹੈ ਕਿ ਤੁਸੀਂ ਬਾਣੀ ਵੇਚਦੇ ਹੋ। ਜਿਹੜੇ ਰਾਗੀ ਸਹੀ ਅਰਥਾਂ ਵਿਚ ਬਾਣੀ ਵੇਚ ਰਹੇ ਹਨ, ਇੱਕ ਘੰਟੇ ਦੇ ਕੀਰਤਨ ਦਾ ਚਾਲੀ-ਪੰਜਾਹ ਹਜ਼ਾਰ ਰੁਪਿਆ ਸੰਗਤਾਂ ਤੋਂ ਮੰਗਦੇ ਹਨ ਉਹਨਾਂ ਨੂੰ ਕੌਮ ਮੂੰਹ ਮੰਗੀ ਮਾਇਆ ਵੀ ਦਿੰਦੀ ਹੈ ਅਤੇ ਉਹਨਾਂ ਨੂੰ ਕੋਈ ਕਹਿੰਦਾ ਵੀ ਨਹੀਂ ਕਿ ਤੁਸੀਂ ਬਾਣੀ ਵੇਚਦੇ ਹੋ। ਸੋ ਸਿੱਖ ਕੌਮ ਦੇ ਚਰਨਾਂ ਵਿਚ ਦਾਸ ਦੀ ਹੱਥ ਜੋੜ ਕੇ ਬੇਨਤੀ ਹੈ ਕਿ ਗੁਣੀ ਰਾਗੀ ਪ੍ਰਚਾਰਕ ਕੌਮ ਦੇ ਅਨਮੋਲ ਰਤਨ ਹਨ ਇਹਨਾਂ ਦੀ ਸੇਵਾ ਸੰਭਾਲ ਕਰਨੀ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਪਹਿਲਾ ਫ਼ਰਜ ਹੈ ਕਿਉਂ ਕਿ ਇਹ ਸਿੱਖ ਕੌਮ ਦਾ ਅਨਮੋਲ ਖਜ਼ਾਨਾ ਹਨ। ਸੋ ਮੈਂ ਇਸ ਪਾਸੇ ਹੋਰ ਨਾ ਜਾਂਦਾ ਹੋਇਆ ਆਪਣੇ ਮੂਲ ਲੇਖ ਵੱਲ ਆਉਂਦਾ ਹਾਂ ਕਿ ਭਾਈ ਮਾਨ ਸਿੰਘ ਪੰਛੀ ਜੀ ਨੇ ਵੀ ਕੁਝ ਸਮਾਂ ਭਾਈ ਭੋਲਾ ਸਿੰਘ ਜੀ ਪਾਸੋਂ ਸਿੱਖਿਆ ਲਈ ਸੀ।

ਪੰਛੀ ਸਾਹਿਬ ਜਦੋਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਸਨ ਤਾਂ ਆਪ ਜੀ ਦੇ ਸਾਥੀ ਹੁੰਦੇ ਸਨ-ਸਹਾਇਕ ਰਾਗੀ ਭਾਈ ਧਿਆਨ ਸਿੰਘ ਜੀ ਜੋ ਕਿ ਇਹ ਵੀ ਪਿੰਡ ਬਪਰੌਰ ਦੇ ਹੀ ਸਨ ਅਤੇ ਮਾਸਟਰ ਦੀਵਾਨ ਸਿੰਘ ਜੀ ਜੋ ਕਿ ਪਿੰਡ ਸਲੇਮਪੁਰ ਸ਼ੇਖਾਂ ( ਜੋ ਕਿ ਦਾਸ ਦਾ ਵੀ ਪਿੰਡ ਹੈ) ਉਥੋਂ ਦੇ ਸਨ। ਸੋ ਬਾਅਦ ਵਿਚ ਭਾਈ ਧਿਆਨ ਸਿੰਘ ਜੀ ਪੰਛੀ ਸਾਹਿਬ ਨਾਲੋਂ ਛੱਡ ਕੇ ਭਾਈ ਪਿਆਰਾ ਸਿੰਘ ਪਟਿਆਲੇ ਵਾਲਿਆਂ ਨਾਲ ਜਾ ਕੇ ਲੱਗ ਗਏ ਸਨ ਅਤੇ ਭਾਈ ਮਾਨ ਸਿੰਘ ਪੰਛੀ ਨਾਲ ਭਾਈ ਉੱਤਮ ਸਿੰਘ ਜੀ ਪਤੰਗ ਸਹਾਇਕ ਰਾਗੀ ਵਜੋਂ ਪੰਛੀ ਜੀ ਨਾਲ ਆ ਗਏ ਇਹ ਵੀ ਪਿੰਡ ਬਪਰੌਰ ਦੇ ਹੀ ਸਨ ਅਤੇ ਭਾਈ ਭੋਲਾ ਸਿੰਘ ਜੀ ਦੇ ਸ਼ਾਗਿਰਦ ਸਨ। ਸੋ ਕੁਛ ਸਮਾਂ ਪੰਛੀ ਜੀ ਨਾਲ ਇਹਨਾਂ ਨੇ ਵਾਜੇ ਤੇ ਸੰਗਤ ਕੀਤੀ ਤੇ ਫਿਰ ਭਾਈ ਮਾਨ ਸਿੰਘ ਪੰਛੀ ਜੀ ਨੇ ਗੁਰਦੁਆਰਾ ਮੰਜੀ ਸਾਹਿਬ ਅੰਬਾਲੇ ਤੋਂ ਸੇਵਾ ਛੱਡ ਦਿੱਤੀ। ਭਾਈ ਉਤਮ ਸਿੰਘ ਜੀ ਪਤੰਗ ਪੰਛੀ ਜੀ ਦੀ ਜਗ੍ਹਾ ਹੈੱਡ ਰਾਗੀ ਬਣ ਗਏ ਤੇ ਇਸੇ ਜਗ੍ਹਾ ਗੁਰਦੁਆਰਾ ਮੰਜੀ ਸਾਹਿਬ ਕੀਰਤਨ ਦੀ ਸੇਵਾ ਤੇ ਲੱਗ ਗਏ। ਪਤੰਗ ਜੀ ਕੁਛ ਸਮਾਂ ਇਥੇ ਰਹਿ ਕੇ ਬਾਅਦ

ਵਿਚ ਗੁਰਦੁਆਰਾ ਫਤਿਹਗੜ੍ਹ ਸਾਹਿਬ ਸਰਹੰਦ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਆ ਗਏ। ਆਪ ਜੀ ਦੇ ਨਾਲ ਉਦੋਂ ਸਾਥੀ ਸਨ-ਤਬਲੇ ਤੇ ਦਾਸ ਦੀ ਸੇਵਾ ਲੱਗੀ ਸੀ ਤੇ ਸਹਾਇਕ ਰਾਗੀ ਸਨ ਭਾਈ ਅਮੀਰ ਸਿੰਘ ਜੋ ਕਿ ਮਸ਼ਹੂਰ ਰਾਗੀ ਭਾਈ ਛਬੀਲ ਸਿੰਘ ਪਿੰਡ ਮਦਨਪੁਰ (ਚਲਹੇੜੀ) ਦੇ ਸਪੁੱਤਰ ਸਨ। ਭਾਈ ਸਾਹਿਬ ਭਾਈ ਛਬੀਲ ਸਿੰਘ ਜੀ ਵੀ ਰਾਜਪੂਤ ਬਰਾਦਰੀ ਵਿਚ ਬਹੁਤ ਮਸ਼ਹੂਰ ਰਾਗੀ ਸਨ ਅਤੇ ਆਪ ਜੀ ਦੀ ਬਹੁਤ ਬੁਲੰਦ ਅਵਾਜ਼ ਸੀ। ਆਪ ਬਹੁਤ ਉੱਚੀ ਸੁਰ ਵਿਚ ਗਾਉਂਦੇ ਸਨ। ਆਪ ਜੀ ਸਪੀਕਰ ਤੋਂ ਬਿਨਾਂ ਹੀ ਆਪਣੀ ਗਾਇਕੀ ਦਾ ਪ੍ਰਭਾਵ ਹਜ਼ਾਰਾਂ ਸਰੋਤਿਆਂ ਤੇ ਸਹਿਜ ਹੀ ਪਾ ਲੈਂਦੇ ਸਨ ਅਤੇ ਹਰ ਸਰੋਤੇ ਨੂੰ ਇੰਜ ਲਗਦਾ ਸੀ ਜਿਵੇਂ ਭਾਈ ਛਬੀਲ ਸਿੰਘ ਲਾਊਡ ਸਪੀਕਰ ਤੇ ਹੀ ਗਾ ਰਹੇ ਹਨ। ਆਪ ਜੀ ਕੀਰਤਨ ਦੀ ਵਿਆਖਿਆ ਵਿਚ ਸਰੋਤਿਆਂ ਨੂੰ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਦੇਂਦੇ ਸਨ, ਕਥਾ ਵਿਚ ਐਸਾ ਹਾਸ ਰਸ ਪੈਦਾ ਕਰਦੇ ਸਨ। ਇਹਨਾਂ ਦੇ ਸਪੁੱਤਰ ਭਾਈ ਅਮੀਰ ਸਿੰਘ ਜੀ ਸਨ। ਆਪ ਜੀ ਕੁਛ ਸਾਲ ਪਤੰਗ ਜੀ ਨਾਲ ਰਹਿ ਕੇ ਬਾਅਦ ਵਿਚ ਭਾਈ ਕ੍ਰਿਪਾਲ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਨਾਲ ਸਹਾਇਕ ਰਾਗੀ ਦੇ ਤੌਰ ਤੇ ਲਗ ਗਏ ਸਨ ਜੋ ਕਿ ਦਾਸ ਦੇ ਵੀ ਉਸਤਾਦ ਸਨ। ਅਜਕਲ੍ਹ ਭਾਈ ਅਮੀਰ ਸਿੰਘ ਜੀ ਦਾ ਆਪਣਾ ਰਾਗੀ ਜਥਾ ਹੈ।

ਜਦੋਂ ਪੰਛੀ ਜੀ ਤੇ ਪਤੰਗ ਜੀ ਤੇ ਤਬਲੇ ਤੇ ਮਾਸਟਰ ਦੀਵਾਨ ਸਿੰਘ, ਅੰਬਾਲਾ ਸ਼ਹਿਰ ਵਿਖੇ ਸਨ ਉਦੋਂ ਦੋਵੇਂ ਜਵਾਨ ਸਨ ਤੇ ਸੁਰੀਲੀਆਂ ਅਵਾਜ਼ਾਂ ਸਨ। ਜਦੋਂ ਇਹ ਜਥਾ ਕੀਰਤਨ ਕਰਦਾ ਸੀ ਤਾਂ ਸੰਗਤਾਂ ਮੰਤਰ ਮੁਗਧ ਹੋ ਜਾਂਦੀਆਂ ਸਨ। ਉਸ ਸਮੇਂ ਜਿਲ੍ਹਾ ਅੰਬਾਲਾ ਤੇ ਜਿਲ੍ਹਾ ਪਟਿਆਲਾ ਵਿਚ ਇਹੀ ਸਭ ਤੋਂ ਮਸ਼ਹੂਰ ਤੇ ਨਾਮਵਰ ਰਾਗੀ ਜਥਾ ਸੀ।

ਸੋ ਸੰਨ 1958 ਵਿਚ ਭਾਈ ਮਾਨ ਸਿੰਘ ਪੰਛੀ ਜੀ ਨੇ ਮੇਰੇ ਦਿਲ ਦੀ ਹਸਰਤ ਪੂਰੀ ਕਰ ਦਿੱਤੀ, ਜਦੋਂ ਆਪ ਜੀ ਖੁਦ ਮੈਨੂੰ ਲੈਣ ਲਈ ਰਾਜਪੁਰੇ ਆ ਗਏ ਤੇ ਮੈਨੂੰ ਨਾਲ ਲੈ ਕੇ ਗੁਰਦੁਆਰਾ ਸਿੰਘ ਸਭਾ ਮੁਜ਼ਫਰ ਨਗਰ ਯੂ.ਪੀ. ਵਿਖੇ ਕੀਰਤਨ ਦੀ ਡਿਊਟੀ ਕਰ ਲਈ। ਦਾਸ ਮੁਜ਼ਫਰ ਨਗਰ ਸਿਰਫ ਤਿੰਨ ਚਾਰ ਮਹੀਨੇ ਹੀ ਰਹਿ ਸਕਿਆ ਸੀ ਕਿਉਂ ਕਿ ਮੈਂ ਬੀਮਾਰ ਹੋ ਗਿਆ ਸੀ ਤੇ ਮੁਜ਼ਫਰ ਨਗਰ ਛੱਡ ਕੇ ਆਪਣੇ ਪਿਤਾ ਜੀ ਪਾਸ ਮੇਰਠ ਚਲਾ ਗਿਆ ਸੀ। ਮੇਰੇ ਪਿਤਾ ਜੀ ਉਦੋਂ ਗੁਰਦੁਆਰਾ ਕੋਟਲਾ ਮੇਰਠ ਵਿਖੇ ਰਹਿੰਦੇ ਸਨ। ਕੁਝ ਸਮੇਂ ਬਾਅਦ ਪੰਛੀ ਜੀ ਵੀ ਮੁਜ਼ਫਰ ਨਗਰ ਛੱਡ ਕੇ ਕਾਨ੍ਹਪੁਰ ਚਲੇ ਗਏ। ਗੁਰਦੁਆਰਾ ਸਿੰਘ ਸਭਾ ਲਾਟੂਸ਼ ਰੋਡ ਆਪ ਜੀ ਨੂੰ ਕੀਰਤਨ ਦੀ ਸੇਵਾ ਮਿਲ ਗਈ। ਉਥੇ ਇਹਨਾਂ ਦੇ ਸਾਥੀ ਸਨ-ਭਾਈ ਧਿਆਨ ਸਿੰਘ ਜੀ ਪਿੰਡ ਬਪਰੌਰ ਵਾਲੇ ਸਹਾਇਕ ਰਾਗੀ ਅਤੇ ਭਾਈ ਧਰਮ ਸਿੰਘ ਤਬਲੇ ਤੇ, ਜੋ ਕਿ ਭਰਤਪੁਰ-ਰਾਜਸਥਾਨ ਦੇ ਸਨ। ਇਹ ਜਥਾ ਉਥੇ ਕੀਰਤਨ ਦੀ ਸੇਵਾ ਨਿਭਾਅ ਰਿਹਾ ਸੀ। ਕੁਝ ਸਮੇਂ ਬਾਅਦ ਭਾਈ ਧਰਮ ਸਿੰਘ ਜੀ ਨੇ ਪੰਛੀ ਜੀ ਨੂੰ ਅਸਤੀਫ਼ਾ ਦੇ ਦਿੱਤਾ ਕਿ ਘਰੇਗੀ ਮਜਬੂਰੀ ਕਾਰਨ। ਤਾਂ ਪੰਛੀ ਜੀ ਨੇ ਦਾਸ ਨੂੰ ਚਿੱਠੀ ਪਾਈ ਕਿ ਤੁਸੀਂ ਕਾਨ੍ਹਪੁਰ ਆ ਜਾਉ ਤਬਲੇ ਤੇ ਮੇਰੇ ਨਾਲ। ਸੋ ਅਗਸਤ 1959 ਵਿਚ ਮੈਂ ਪੰਛੀ ਜੀ ਦੇ ਪਾਸ ਕਾਨ੍ਹਪੁਰ ਪਹੁੰਚ ਗਿਆ। ਜਦੋਂ ਮੈਂ ਆਪਣਾ ਤਬਲਾ ਲੈ ਕੇ ਕਾਨ੍ਹਪੁਰ ਪਹੁੰਚ ਗਿਆ ਤਾਂ ਹੋਇਆ ਇਹ ਕਿ ਭਾਈ ਧਰਮ ਸਿੰਘ ਜੀ ਨੇ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਕਿ ਮੈਂ ਨਹੀਂ ਜਾਣਾ ਤੇ ਇਥੇ ਹੀ ਰਹਿਣਾ ਹੈ। ਮੈਂ ਪੰਛੀ ਜੀ ਨੂੰ ਕਿਹਾ ਕਿ ਮੈਂ ਹੁਣ ਕੀ ਕਰਾਂ, ਮੈਂ ਤਾਂ ਇਤਨੀ ਦੂਰੋਂ ਕਿਰਾਇਆ ਖਰਚ ਕੇ ਆਇਆ ਹਾਂ ਤਾਂ ਪੰਛੀ ਜੀ ਕਹਿਣ ਲਗੇ, ਕੋਈ ਨਹੀਂ ਤੂੰ ਦੋ ਚਾਰ ਦਿਨ ਸਾਡੇ ਕੋਲ ਰਹਿ। ਇਤਨੀ ਦੂਰੋਂ ਆਇਆ ਹੈਂ। ਕੁਝ ਦਿਨ ਪਿਛੋਂ ਭਾਈ ਧਿਆਨ ਸਿੰਘ ਜੀ ਪੰਛੀ ਜੀ ਨੂੰ ਛੱਡ ਕੇ ਆਪਣੇ ਪਿੰਡ ਬਪਰੌਰ ਆ ਗਏ ਤੇ ਉਹਨਾਂ ਨੇ ਆਕੇ ਅੰਬਾਲਾ ਸ਼ਹਿਰ ਗੁਰਦੁਆਰਾ ਮੰਜੀ ਸਾਹਿਬ ਵਿਖੇ ਹੈਡ ਰਾਗੀ ਦੀ ਡਿਊਟੀ ਕਰ ਲਈ। ਉਸ ਤੋਂ ਬਾਅਦ ਗੁਰਦੁਆਰਾ ਨਵੀਨ ਸਿੰਘ ਸਭਾ ਰਾਜਪੁਰਾ ਵਿਖੇ ਵੀ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਕੁਛ ਸਮਾਂ ਹੋ ਗਿਆ ਹੈ ਆਪ ਜੀ ਵੀ ਅਕਾਲ ਚਲਾਣਾ ਕਰ ਗਏ ਹਨ।

ਜਦੋਂ ਭਾਈ ਧਿਆਨ ਸਿੰਘ ਜੀ ਕਾਨ੍ਹਪੁਰ ਤੋਂ ਆ ਗਏ ਤਾਂ ਪੰਛੀ ਜੀ ਮੈਨੂੰ ਕਹਿਣ ਲਗੇ ਕਿ ਤੂੰ ਹੁਣ ਵਾਜੇ ਤੇ ਲਗ ਜਾ ਤਾਂ ਮੈਂ ਕਿਹਾ ਕਿ ਮੈਨੂੰ ਤਬਲਾ ਵਜਾਉਣਾ ਆਉਂਦਾ ਨਹੀਂ। ਪੰਛੀ ਜੀ ਕਹਿਣ ਲਗੇ ਤੂੰ ਤਬਲੇ ਤੇ ਬੈਠਾ ਪੂਰਾ ਬੋਲ ਕੇ ਨਾਲ ਗਾਉਂਦਾ ਹੈਂ ਇਸ ਵਾਸਤੇ ਤੇਰੇ ਲਈ ਕੋਈ ਔਖਾ ਨਹੀਂ, ਤੂੰ ਕੰਮ ਕਰ ਲਏਂਗਾ ਤੇ ਵਾਜਾ ਵਜਾਉਣਾ ਤੈਨੂੰ ਆਪੇ ਹੀ ਆ ਜਾਏਗਾ। ਤਾਂ ਮੈਂ ਉਹਨਾਂ ਦੀ ਗਲ ਮੰਨ ਕੇ ਸਹਾਇਕ ਰਾਗੀ ਲਗ ਗਿਆ। ਸੋ ਮੈਨੂੰ ਤਬਲੇ ਤੋਂ ਵਾਜੇ ਤੇ ਲਿਆਉਣ ਵਾਲੇ ਭਾਈ ਮਾਨ ਸਿੰਘ ਪੰਛੀ ਜੀ ਹੀ ਸਨ ਜਿਹਨਾਂ ਨੇ ਮੇਰੇ ਜੀਵਨ ਦੀ ਤਰੱਕੀ ਕਰਵਾਈ। ਕਾਨ੍ਹਪੁਰ ਰਹਿ ਕੇ ਮੈਂ ਪੰਛੀ ਜੀ ਨਾਲ ਸੰਗੀਤ

ਦੀ ਕਾਫੀ ਤਰੱਕੀ ਕੀਤੀ ਅਤੇ ਸੰਗੀਤ ਦੇ ਵੱਡੇ-ਵੱਡੇ ਉਸਤਾਦਾਂ ਨੂੰ ਸਾਹਮਣੇ ਕੋਲ ਬਹਿ ਕੇ ਸੁਣਿਆ। ਕਾਨ੍ਹਪੁਰ ਵਿਖੇ ਸਾਲ ਵਿਚ ਦੋ ਸੰਗੀਤ ਸੰਮੇਲਨ ਹੁੰਦੇ ਹਨ। ਉਥੇ ਇੱਕ ਸੰਸਥਾ ਹੈ ਜੋ ਕਿ ਇਹ ਸੰਗੀਤ ਸੰਮੇਲਨ ਕਰਵਾਂਦੀ ਹੈ। ਇੱਕ ਸੰਮੇਲਨ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਤੇ ਅਤੇ ਦੂਜਾ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਤੇ। ਉਹਨਾਂ ਦਾ ਕਹਿਣਾ ਹੈ ਕਿ ਦੋਵੇਂ ਅਵਤਾਰ ਸੰਗੀਤ ਦੇ ਅਵਤਾਰ ਹਨ ਇਸ ਲਈ ਇਹਨਾਂ ਦੇ ਜਨਮ ਦਿਨ ਤੇ ਸੰਗੀਤ ਸੰਮੇਲਨ ਹੁੰਦੇ ਹਨ। ਇਹਨਾਂ ਸੰਮੇਲਨਾਂ ਵਿਚ ਦਾਸ ਨੇ ਬੜੇ-ਬੜੇ ਮਹਾਨ ਸੰਗੀਤਕਾਰ ਸੁਣੇ। ਜਿਹਨਾਂ ਵਿਚ -ਖਾਂ ਸਾਹਿਬ ਅਮੀਰ ਖਾਂ ਸਾਹਿਬ, ਸ੍ਰੀ ਵਿਨਾਇਕ ਰਾਏ ਪਟਵਰਧਨ, ਸ੍ਰੀ ਭੀਮ ਸੈਨ ਜੋਸ਼ੀ, ਪੰਡਤ ਜਸਰਾਜ ਬੰਬਈ, ਕੁਮਾਰ ਗੰਧਰਵ, ਸ੍ਰ. ਸੋਹਣ ਸਿੰਘ ਪਟਿਆਲਾ, ਪ੍ਰਵੀਨ ਸੁਲਤਾਨਾ, ਸ੍ਰੀ ਰਵੀ ਸ਼ੰਕਰ ਸਿਤਾਰ ਵਾਦਕ, ਹਬੀਬੁਦੀਨ ਖਾਂ ਤਬਲਾ, ਸ੍ਰੀ ਬਿਸਮਿਲਾ ਖਾਂ ਸ਼ਹਿਨਾਈ, ਗੁਦਈ ਮਹਾਰਾਜ ਤਬਲਾ, ਸ੍ਰੀ ਅੱਲਾ ਰਖਾ ਤਬਲਾ, ਕ੍ਰਿਸ਼ਨ ਮਹਾਰਾਜ ਤਬਲਾ। ਇਸ ਤੋਂ ਇਲਾਵਾ ਫਿਲਮੀ ਗਾਇਕ ਮੁਹੰਮਦ ਰਫ਼ੀ ਸਾਹਿਬ, ਮੁਕੇਸ਼ ਜੀ, ਲਤਾ ਮੰਗੇਸ਼ਕਰ ਜੀ, ਮੰਨਾ ਡੇ ਅਤੇ ਹੇਮੰਤ ਕੁਮਾਰ ਇਹ ਸਭ ਲੋਕਾਂ ਨੂੰ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਪੰਛੀ ਜੀ ਨਾਲ ਰਹਿ ਕੇ ਮੈਨੂੰ ਆਪ ਕੀਰਤਨ ਕਰਨਾ ਵੀ ਆ ਗਿਆ। ਦਾਸ ਨੇ ਪੰਛੀ ਜੀ ਨਾਲ ਕਈ ਥਾਵਾਂ ਤੇ ਸਹਾਇਕ ਰਾਗੀ ਦੇ ਤੌਰ ਤੇ ਸੰਗਤ ਕੀਤੀ ਜਿਵੇਂ ਕਿ ਸਿੰਘ ਸਭਾ ਮੁਜ਼ਫਰ ਨਗਰ ਯੂ.ਪੀ., ਕਾਨ੍ਹਪੁਰ, ਗੁਰਦੁਆਰਾ ਨਾਨਕ ਮਤਾ ਸਾਹਿਬ, ਗੁਰਦੁਆਰਾ ਐਲ ਟਾਊਨ ਸਾਕਚੀ ਟਾਟਾ ਨਗਰ ਅਤੇ ਦਾਸ ਦੇ ਅਨੰਦ ਕਾਰਜ ਤੇ ਵੀ ਕੀਰਤਨ ਪੰਛੀ ਜੀ ਨੇ ਹੀ ਕੀਤਾ ਸੀ। ਉਹਨਾਂ ਨਾਲ ਰਹਿ ਕੇ ਜੋ ਜੋ ਸ਼ਹਿਰ ਅਸੀਂ ਘੁੰਮੇ ਹਨ ਉਹ ਇਹ ਹਨ-ਮੁਜ਼ਫਰ ਨਗਰ, ਕਾਨ੍ਹਪੁਰ, ਉਨਾਓ,ਬਰੇਲੀ, ਰਾਏ ਬਰੇਲੀ, ਪ੍ਰਤਾਪ ਗੜ੍ਹ, ਗੋਰਖਪੁਰ, ਨੌਤਨਵਾਂ, ਬੁਟਵਲ (ਨਿਪਾਲ), ਲਖਨਊ, ਸੀਤਾਪੁਰ, ਪੀਲੀਭੀਤ, ਨਾਨਕ ਮਤਾ ਸਾਹਿਬ, ਨੈਨੀਤਾਲ, ਹਲਦਵਾਨੀ, ਟੀਕਮਗੜ੍ਹ, ਝਾਂਸੀ, ਟਾਟਾ ਨਗਰ, ਹਜ਼ਾਰੀ ਬਾਗ, ਕਲਕਤਾ, ਚਾਂਦੀਪੁਰ, ਰਾਂਚੀ, ਡਾਲਟਨ ਗੰਜ, ਜੈਪੁਰ, ਜਬਲਪੁਰ, ਅਲਾਹਾਬਾਦ, ਬਸਤੀ, ਗੋਂਡਾ, ਖੜਗਪੁਰ।

ਭਾਈ ਮਾਨ ਸਿੰਘ ਪੰਛੀ ਜੀ ਦੀਆਂ ਸੱਤ ਸੰਤਾਨਾਂ ਹਨ। ਭਾਈ ਦਰਸ਼ਨ ਸਿੰਘ ਜੋ ਕਿ ਅਜਕਲ ਪਿੰਡ ਮਦਨਪੁਰ (ਸ਼ਾਹਬਾਦ ਮਾਰਕੰਡਾ) ਦੇ ਪਾਸ ਹੈ, ਉਥੇ ਰਹਿ ਰਿਹਾ ਹੈ। ਇਹ ਸਭ ਤੋਂ ਵੱਡਾ ਬੇਟਾ ਹੈ ਅਤੇ ਦਾਸ ਦਾ ਜਿਗਰੀ ਦੋਸਤ ਮਿੱਤਰ ਹੈ। ਦੂਜੇ ਬੱਚੇ ਹਨ- ਬੇਟੀ ਬਚਨ ਕੌਰ, ਬੇਟਾ ਗੁਰਨਾਮ ਸਿੰਘ, ਬੇਟੀ ਸਰਬਜੀਤ ਕੌਰ, ਬੇਟੀ ਕੁਕੀ, ਦੋ ਛੋਟੇ ਕਾਕਿਆਂ ਦੇ ਨਾਮ ਦਾਸ ਨੂੰ ਯਾਦ ਨਹੀਂ ਹਨ। ਛੋਟੇ ਤਿੰਨੇ ਲੜਕੇ ਪਟਿਆਲੇ ਰਹਿ ਰਹੇ ਹਨ। ਉਥੇ ਇੱਕ ਰੋਜ਼ਾਨਾ ਅਖਬਾਰ ਦੇ ਆਡੀਟਰ ਹਨ ਸਰਦਾਰ ਗੁਰਨਾਮ ਸਿੰਘ ਜੀ।

